# ਉਪ ਨਿਯਮ

(10.10.2017 ਤੱਕ ਸੋਧ ਅਨੁਸਾਰ)

## ਦੀ ਪੰਜਾਬ ਸਟੇਟ ਕੋਆਪ੍ਰੇਟਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕ ਲਿਮਟਿਡ, ਚੰਡੀਗੜ੍ਹ

Printed at : Puncofed, Chandigarh Ph. 5055990

# ਪੰਜਾਬ ਸਟੇਟ ਕੋਆਪ੍ਰੇਟਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕ ਲਿਮਟਿਡ

# ਦੇ

# ਉਪ-ਨਿਯਮ

## ਨਾਮ, ਪਤਾ ਅਤੇ ਕੰਮਕਾਰ ਦਾ ਖੇਤਰ :

1. ਇਸ ਬੈਂਕ ਨੂੰ ਪੰਜਾਬ ਸਟੇਟ ਕੋਆਪ੍ਰੇਟਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕ ਲਿਮ. ਕਿਹਾ ਜਾਵੇਗਾ। ਇਸਦਾ ਇਸ ਵਿੱਚ, ਇਸ ਉਪਰੰਤ, “ਸਟੇਟ ਬੈਂਕ” ਵਜੋਂ ਹਵਾਲਾ ਦਿੱਤਾ ਜਾਵੇਗਾ।

2. ਸਟੇਟ ਬੈਂਕ ਦਾ ਹੈੱਡ ਕੁਆਰਟਰ ਰੋਪੜ ਵਿਖੇ ਹੋਵੇਗਾ ਅਤੇ ਇਸ ਦਾ ਰਜਿਸਟਰਡ ਪਤਾ ਚੰਡੀਗੜ ਹੋਵੇਗਾ। ਸਟੇਟ ਬੈਂਕ ਦੇ ਹੈੱਡ ਕੁਆਰਟਰ ਅਤੇ ਰਜਿਸਟਰਡ ਪਤੇ ਵਿਚ ਕੋਈ ਵੀ ਤਬਦੀਲੀ ਬੋਰਡ ਆਫ ਡਾਇਰੈਕਟਰ ਦੁਆਰਾ ਪਾਸ ਕੀਤੇ ਮਤੇ ਰਾਹੀਂ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ ਦੀ ਅਗੇਤੀ ਪ੍ਰਵਾਨਗੀ ਨਾਲ ਕੀਤੀ ਜਾ ਸਕਦੀ ਹੈ।

3. ਸਟੇਟ ਖੇਤੀਬਾੜੀ ਵਿਕਾਸ ਬੈਂਕ (ਸਟੇਟ ਐਗਰੀਕਲਚਰਲ ਡਿਵੈਲਪਮੈਂਟ ਬੈਂਕ) ਦਾ ਕਾਰੋਬਾਰੀ ਖੇਤਰ ਸਮੁੱਚਾ ਪੰਜਾਬ ਹੋਵੇਗਾ।

4. ਇਨ੍ਹਾਂ ਉਪ ਨਿਯਮਾਂ ਵਿੱਚ, ਇਸ ਵਿੱਚ ਉਪਰੰਤ, ਜਿਨਾਂ ਚਿਰ ਵਿਸ਼ੇ ਜਾਂ ਪ੍ਰਸੰਗ ਦੇ ਉਲਟ ਕੋਈ ਚੀਜ਼ ਨਾ ਹੋਵੇ :-

   (ੳ) “ਬੋਰਡ” ਤੋਂ ਭਾਵ ਹੈ ਸਟੇਟ ਬੈਂਕ ਦਾ ਬੋਰਡ ਆਫ ਡਾਇਰੈਕਟਰਜ਼।

   (ਅ) “ਮੈਨੇਜਿੰਗ ਡਾਇਰੈਕਟਰ” ਤੋਂ ਭਾਵ ਹੈ ਪੰਜਾਬ ਸਰਕਾਰ ਦੁਆਰਾ ਇਸ ਅਹੁਦੇ ਤੇ ਨਿਯੁਕਤ ਕੀਤਾ ਗਿਆ ਵਿਅਕਤੀ।

   (ੲ) “ਡਾਇਰੈਕਟਰ” ਤੋਂ ਭਾਵ ਹੈ ਸਟੇਟ ਬੈਂਕ ਦੇ ਬੋਰਡ ਆਫ ਡਾਇਰੈਕਟਰਜ਼ ਦਾ ਮੈਂਬਰ।

## ਉਦੇਸ਼ :

5. ਸਟੇਟ ਬੈਂਕ ਦੇ ਉਦੇਸ਼ ਆਪਣੇ ਮੈਂਬਰਾਂ ਨੂੰ ਮਿਆਦੀ (ਲੰਬੇ ਅਰਸੇ) ਦੇ ਕਰਜ਼ੇ ਦੀਆਂ ਸਹੂਲਤਾਂ ਦੇਣਾ।

6. ਉਕਤ ਉਪ-ਨਿਯਮ ਵਿਚ ਦਰਸਾਏ ਗਏ ਉਦੇਸ਼ ਦੀ ਪੈਰਵੀ ਵਿੱਚ, ਸਟੇਟ ਬੈਂਕ ਨਿਮਨਲਿਖਤ ਇਕ ਜਾਂ ਇਕ ਤੋਂ ਵੱਧ ਕਾਰਜ਼ ਕਰ ਸਕਦੀ ਹੈ :-

   (i) ਰਿਣ-ਪੱਤਰ (ਡਿਬੈਂਚਰ) ਜਾਰੀ ਕਰਨਾ;

   (ii) ਰਕਮਾਂ (ਡਿਪਾਜ਼ਿਟਸ) ਪ੍ਰਾਪਤ ਕਰਨਾ ਅਤੇ ਪੈਸਾ ਉਧਾਰ ਲੈਣਾ।

   (iii) ਅਜਿਹੀ ਅਚੱਲ ਜਾਇਦਾਦ ਪ੍ਰਾਪਤ ਕਰਨਾ ਅਤੇ ਅਜਿਹੀ ਇਮਾਰਤ ਉਸਾਰਨਾ, ਜਿਵੇਂ ਬੈਂਕ ਦੇ ਕੰਮਕਾਰ ਨੂੰ ਠੀਕ ਢੰਗ ਨਾਲ ਚਲਾਉਣ ਅਤੇ ਇਸਦੇ ਕਰਮਚਾਰੀਆਂ ਦੀ ਭਲਾਈ ਲਈ ਜਰੂਰੀ ਸਮਝਿਆ ਜਾਵੇ;

   (iv) ਅਜਿਹੇ ਹੋਰ ਕਾਰਜ ਕਰਨਾ ਜੋ ਉਪਰੋਕਤ ਸਰਗਰਮੀਆਂ ਨਾਲ ਸਬੰਧਤ ਹੋਣ।

## ਮੈਂਬਰਸ਼ਿਪ :

7. ਦੀ ਪ੍ਰਾਇਮਰੀ ਕੋਆਪ੍ਰੇਟਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕਾਂ, ਪੰਜਾਬ ਰਾਜ ਬਿਜਲੀ ਬੋਰਡ, ਪੰਜਾਬ ਰਾਜ ਟਿਊਬਵੈਲ ਕਾਰਪੋਰੇਸ਼ਨ ਅਤੇ ਪੰਜਾਬ ਭੂਮੀਂ ਵਿਕਾਸ ਅਤੇ ਸੁਧਾਰ ਕਾਰਪੋਰੇਸ਼ਨ, ਸਟੇਟ ਬੈਂਕ ਦੇ ਮੈਂਬਰ ਬਣਨ ਦੇ ਯੋਗ ਹੋਣਗੀਆਂ।

8. ਕਿਸੇ ਹੋਰ ਉਪ-ਨਿਯਮ (ਬਾਈ-ਲਾਜ਼) ਦੇ ਉਪਬੰਧ ਦੇ ਹੁੰਦਿਆਂ ਹੋਇਆ ਵੀ ਰਾਜ ਸਰਕਾਰ ਸਟੇਟ ਬੈਂਕ ਦੀ ਹਿੱਸਾ ਪੂੰਜੀ (ਸ਼ੇਅਰ ਕੈਪੀਟਲ) ਵਿੱਚ ਹਿੱਸਾ ਪਾ ਸਕਦੀ ਹੈ। ਇਸ ਤਰ੍ਹਾਂ ਪਾਈ ਗਈ ਹਿੱਸਾ ਪੂੰਜੀ ਅਜਿਹੇ ਸਮੇਂ ਅਤੇ ਢੰਗ ਵਿੱਚ ਵਾਪਸ (ਰਿਟਾਇਰ) ਲਈ ਜਾ ਸਕੇਗੀ ਜਿਵੇਂ ਰਾਜ ਸਰਕਾਰ ਨਿਸ਼ਚਿਤ ਕਰੇਗੀ।

8 ੳ). ਸਰਕਾਰ ਦੁਆਰਾ ਬੈਂਕਾ ਦੀ ਹਿੱਸਾ ਪੂੰਜੀ ਵਿਚ ਪਾਈ ਗਈ ਕੋਈ ਰਕਮ ਜਾਂ ਬੈਂਕ ਨੂੰ ਸਰਕਾਰੀ ਕਰਜ਼ੇ ਵਜੋਂ ਦਿੱਤੀ ਗਈ ਕੋਈ ਰਕਮ ਅਜਿਹੀਆਂ ਸ਼ਰਤਾਂ ਅਧੀਨ ਪਾਈ ਗਈ ਜਾਂ ਦਿੱਤੀ ਜਾਵੇਗੀ ਜੋ ਸਰਕਾਰ ਦੁਆਰਾ ਸਮੇਂ ਸਮੇਂ ਤੇ ਲਗਾਈਆਂ

ਜਾਣਗੀਆਂ ਅਤੇ ਬੈਂਕ ਦੁਆਰਾ ਇਸ ਦੀ ਵਾਪਸੀ ਅਤੇ ਲਾਭ ਅੰਸ਼ ਅਤੇ ਵਿਆਜ ਦੇ ਸਬੰਧ ਵਿੱਚ ਸਵੀਕਾਰ ਕੀਤੀਆਂ ਜਾਣਗੀਆਂ। ਬੈਂਕ ਇਕ ਵੱਖਰਾ ਰਜਿਸਟਰ ਰੱਖੇਗੀ ਜਿਸ ਵਿਚ ਸਰਕਾਰ ਨੂੰ ਐਲਾਨ ਕੀਤੇ ਗਏ ਸ਼ੇਅਰਾਂ ਅਤੇ ਸਰਕਾਰ ਤੋਂ ਪ੍ਰਾਪਤ ਕੀਤੇ ਗਏ ਕਰਜ਼ੇ ਸਬੰਧੀ ਵੇਰਵਾ ਰਿਕਾਰਡ ਕੀਤਾ ਜਾਵੇਗਾ। ਬੈਂਕ ਸਰਕਾਰ ਨੂੰ ਅਲਾਟ ਕੀਤੇ ਗਏ ਸ਼ੇਅਰਾਂ ਅਤੇ ਸਰਕਾਰ ਤੋਂ ਲਏ ਗਏ ਕਰਜ਼ੇ ਦੀ ਵਾਪਸੀ ਦੇ ਮੰਤਵ ਲਈ "ਪੂੰਜੀ ਵਾਪਸੀ ਫੰਡ ਅਤੇ ਕਰਜ਼ਾ ਵਾਪਸੀ ਫੰਡ (ਕੈਪੀਟਲ ਰੀਡੈਂਪਸ਼ਨ ਫੰਡ ਐਂਡ ਡਿਬੈਂਚਰ ਰੀਡੈਂਪਸ਼ਨ ਫੰਡ)" ਨਾਂ ਦਾ ਇਕ ਫੰਡ ਕਾਇਮ ਕਰੇਗੀ।

9. ਮੈਂਬਰ ਬਣਨ ਅਤੇ ਸ਼ੇਅਰ ਜਾਰੀ ਕਰਵਾਉਣ ਲਈ ਦਰਖਾਸਤ ਇਕ ਨਿਰਧਾਰਤ ਫਾਰਮ ਵਿੱਚ ਸਟੇਟ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਨੂੰ ਸੰਬੋਧਨ ਕੀਤੀ ਜਾਵੇਗੀ। ਅਜਿਹੀ ਹਰੇਕ ਦਰਖਾਸਤ ਦਾ ਨਿਪਟਾਰਾ ਸਟੇਟ ਬੈਂਕ ਦੇ ਬੋਰਡ ਆਫ ਡਾਇਰੈਕਟਰਜ਼ ਦੁਆਰਾ ਕੀਤਾ ਜਾਵੇਗਾ। ਜੇਕਰ ਬੋਰਡ ਆਫ ਡਾਇਰੈਕਟਰਜ਼ ਕਿਸੇ ਮੈਂਬਰ ਨੂੰ ਮੈਂਬਰ ਬਣਨ ਤੋਂ ਨਾਂਹ ਕਰੇ ਤਾਂ ਇਹ ਇਸ ਲਈ ਕਾਰਨ ਦੱਸੇਗਾ ਅਤੇ ਇਨ੍ਹਾਂ ਕਾਰਨਾਂ ਦੀ ਸੂਚਨਾ ਸਬੰਧਤ ਮੈਂਬਰ ਨੂੰ ਭੇਜੀ ਜਾਵੇਗੀ। ਕੋਈ ਉਹ ਮੈਂਬਰ ਜਿਸ ਨੂੰ ਇਸ ਤਰ੍ਹਾਂ ਮੈਂਬਰ ਬਣਨ ਤੋਂ ਮਨ੍ਹਾਂ ਕੀਤਾ ਗਿਆ ਹੋਵੇ, ਮਨਾਹੀ ਦੀ ਸੂਚਨਾ ਮਿਲਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅੰਦਰ ਰਜਿਸਟਰਾਰ ਅੱਗੇ ਅਪੀਲ ਕਰ ਸਕਦਾ ਹੈ। ਅਜਿਹੀ ਅਪੀਲ ਤੇ ਰਜਿਸਟਰਾਰ ਦਾ ਫੈਸਲਾ ਅੰਤਿਮ ਹੋਵੇਗਾ।

10. ੳ) ਸਟੇਟ ਬੈਂਕ ਦੇ ਕਿਸੇ ਵੀ ਮੈਂਬਰ ਨੂੰ ਨਿਮਨਲਿਖਤ ਕਿਸੇ ਇਕ ਜਾਂ ਵੱਧ ਕਾਰਨਾਂ ਕਰਕੇ ਹਟਾਇਆ ਵੀ ਜਾ ਸਕਦਾ ਹੈ :-

(i) ਸ਼ੇਅਰ ਮਨੀ ਜਾਂ ਸਟੇਟ ਬੈਂਕ ਨੂੰ ਮੈਂਬਰ ਵੱਲੋਂ ਦੇਣੀ ਬਣਦੀ ਕਿਸ਼ਤ ਦੀ ਮਿਤੀ ਤੋਂ ਦੋ ਮਹੀਨਿਆਂ ਦੇ ਅੰਦਰ ਅੰਦਰ ਬਣਦਾ ਹੋਰ ਪੈਸਾ ਨਾ ਭਰਨ ਤੇ;

(ii) ਕੋਈ ਅਜਿਹੀ ਕਾਰਵਾਈ ਕਰਨ ਤੇ ਜੋ ਬੋਰਡ ਆਫ ਡਾਇਰੈਕਟਰਜ਼ ਦੁਆਰਾ ਹੇਰਾ-ਫੇਰੀ ਜਾਂ ਸਟੇਟ ਬੈਂਕ ਦੇ ਹਿੱਤ ਜਾਂ ਵਕਾਰ ਦੇ ਉਲਟ ਕਰਾਰ ਦਿੱਤੀ ਜਾਵੇ।



ਅ) ਕੋਈ ਵਿਅਕਤੀ, ਜਿਸ ਨੂੰ ਮੈਂਬਰਸ਼ਿੱਪ ਤੋਂ ਹਟਾਇਆ ਗਿਆ ਹੋਵੇ, ਅਜਿਹੇ ਹੁਕਮ ਦੀ ਪ੍ਰਾਪਤੀ ਤੋਂ 60 ਦਿਨਾਂ ਦੇ ਅੰਦਰ ਰਜਿਸਟਰਾਰ ਅੱਗੇ ਅਪੀਲ ਕਰ ਸਕਦਾ ਹੈ।

11. ਕਿਸੇ ਵੀ ਮੈਂਬਰ ਨੂੰ ਸਿਵਾਏ ਸਮੂਹ ਮੈਂਬਰਾਂ (ਜਨਰਲ ਬਾਡੀ) ਦੀ ਮੀਟਿੰਗ ਦੇ ਜਿਸ ਵਿਚ ਸਟੇਟ ਬੈਂਕ ਦੇ ਘੱਟੋ ਘੱਟ ਦੋ ਤਿਹਾਈ ਮੈਂਬਰ ਜ਼ਰੂਰ ਹਾਜ਼ਰ ਹੋਏ ਹੋਣ, ਮੈਂਬਰਸ਼ਿਪ ਤੋਂ ਹਟਾਇਆ ਨਹੀਂ ਜਾਵੇਗਾ। ਜਨਰਲ ਬਾਡੀ ਕਿਸੇ ਮੈਂਬਰ ਨੂੰ ਹਟਾਏ ਜਾਣ ਦੇ ਕਾਰਣ ਰਿਕਾਰਡ ਤੇ ਲਿਆਏਗੀ ਅਤੇ ਇਨ੍ਹਾਂ ਕਾਰਨਾਂ ਦੀ ਸੂਚਨਾ ਸਬੰਧਤ ਮੈਂਬਰ ਨੂੰ ਭੇਜੀ ਜਾਵੇਗੀ। ਇਸ ਤਰ੍ਹਾਂ ਹਟਾਏ ਗਏ ਮੈਂਬਰ ਨੂੰ ਉਸ ਦੀ ਬਰਖਾਸਤਗੀ ਸਬੰਧੀ ਭੇਜੀ ਗਈ ਫੈਸਲੇ ਦੀ ਸੂਚਨਾ ਮਿਲਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅੰਦਰ ਰਜਿਸਟਰਾਰ ਅੱਗੇ ਅਪੀਲ ਕਰਨ ਦਾ ਹੱਕ ਹੋਵੇਗਾ।

12. ੳ) ਸਟੇਟ ਬੈਂਕ ਆਪਣੇ ਕਮਾਏ ਗਏ ਮੁਨਾਫਿਆਂ ਵਿਚੋਂ ਇਕ "ਸ਼ੇਅਰ ਟਰਾਂਸਫਰ ਫੰਡ" ਕਾਇਮ ਕਰ ਸਕਦਾ ਹੈ ਅਤੇ ਬੋਰਡ ਇਸ ਸਬੰਧ ਵਿੱਚ ਰਜਿਸਟਰਾਰ ਦੀ ਅਗੇਤੀ ਪ੍ਰਵਾਨਗੀ ਲੈਣ ਤੋਂ ਬਾਅਦ ਬੈਂਕ ਦੇ ਸਮੁੱਚੇ ਹਿੱਤਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਇਨ੍ਹਾਂ ਸ਼ੇਅਰਾਂ ਨੂੰ ਵਾਪਸ ਲੈਣ ਦੀ ਆਗਿਆ ਦੇ ਸਕਦਾ ਹੈ। ਕਿਸੇ ਵੀ ਸਮੇਂ ਅਜਿਹੇ ਸ਼ੇਅਰ "ਸ਼ੇਅਰ ਟਰਾਂਸਫਰ ਫੰਡ" ਵਿੱਚ ਮੌਜੂਦ ਰਕਮ ਮੁਤਾਬਕ ਪਿਛਲੇ ਸਾਲ ਦੀ 31 ਮਾਰਚ ਨੂੰ ਬਕਾਇਆ ਪਈ ਸਰਕਾਰੀ ਯੋਗਦਾਨ ਨੂੰ ਛੱਡ ਕੇ ਬੈਂਕ ਦੀ ਕੁੱਲ ਚੁੱਕਤਾ ਪੂੰਜੀ (ਸ਼ੇਅਰ ਕੈਪੀਟਲ) ਦੇ ਪੰਜ ਪ੍ਰਤੀਸ਼ਤ ਤੋਂ ਵੱਧ ਵਾਪਸ ਨਹੀਂ ਲਏ ਜਾਣਗੇ।

ਅ) ਮੈਂਬਰ ਵਜੋਂ ਹਟਾਏ ਜਾਣ ਵਿਰੁੱਧ ਰਜਿਸਟਰਾਰ ਅੱਗੇ ਅਪੀਲ, ਹੁਕਮ ਦੀ ਸੂਚਨਾ ਮਿਲਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਕੀਤੀ ਜਾ ਸਕੇਗੀ।

13. ਮੈਂਬਰ ਬਣਾਏ ਜਾਣ ਤੇ ਹਰੇਕ ਮੈਂਬਰ 1000/- ਰੁਪਏ ਦਾਖਲਾ ਫੀਸ ਵਜੋਂ ਅਦਾ ਕਰੇਗਾ।

14. ਉਪ ਨਿਯਮ 12 ਦੇ ਉਪਬੰਧਾਂ ਅਧੀਨ ਕੋਈ ਸ਼ੇਅਰ ਵਾਪਸ ਨਹੀਂ ਲਿਆ ਜਾਵੇਗਾ ਪ੍ਰੰਤੂ ਸ਼ੇਅਰ ਕਿਸੇ ਉਸ ਮੌਜੂਦਾ ਮੈਂਬਰ ਜਾਂ ਸੰਸਥਾ ਨੂੰ ਤਬਦੀਲੀ ਕੀਤੇ ਜਾ ਸਕਣਗੇ ਜੋ ਮੈਂਬਰਸ਼ਿਪ ਲਈ ਬਕਾਇਦਾ ਯੋਗ ਹੋਵੇ ਅਤੇ ਬੋਰਡ ਆਫ ਡਾਇਰੈਕਟਰਜ਼ ਦੁਆਰਾ ਪ੍ਰਵਾਨਗੀ ਮਿਲੀ ਹੋਵੇ।

**ਦੇਣਦਾਰੀ :**

15. ਸਟੇਟ ਬੈਂਕ ਦੀਆਂ ਸੰਪਤੀਆਂ ਵਿੱਚ ਜੇਕਰ ਇਸ ਨੂੰ ਬੰਦ ਕੀਤਾ ਜਾ ਰਿਹਾ ਹੈ, ਕਿਸੇ ਘਾਟ ਲਈ ਸ਼ੇਅਰ ਹੋਲਡਰ ਦੀ ਦੇਣਦਾਰੀ ਸਬੰਧਤ ਮੈਂਬਰ ਦੁਆਰਾ ਲਗਾਈ ਜਾਂ ਨਿਵੇਸ਼ ਕੀਤੀ ਗਈ ਹਿੱਸਾ ਪੂੰਜੀ ਤੱਕ ਸੀਮਿਤ ਹੋਵੇਗੀ।

**ਫੰਡ :**

16. ਸਟੇਟ ਬੈਂਕ ਦੇ ਫੰਡ ਨਿਮਨਲਿਖਤ ਸਾਧਨਾਂ ਤੋਂ ਇਕੱਠੇ ਕੀਤੇ ਜਾਣਗੇ :-

(i) ਸ਼ੇਅਰਾਂ ਤੋਂ;

(ii) ਡਿਬੈਂਚਰ (ਰਿਣ ਪੱਤਰ) ਜਾਰੀ ਕਰਕੇ;

(iii) ਗਰਾਂਟਾਂ, ਉਪ ਦਾਨਾਂ (ਸਬਸਿਡੀਜ਼) ਅਤੇ ਫੀਸਾਂ ਰਾਹੀ;

(iv) ਜਮ੍ਹਾਂ ਕਰਵਾਈਆਂ (ਡਿਪਾਜਿਟਸ) ਰਕਮ ਚੋਂ;

(v) ਸਰਕਾਰ, ਰਿ ਰਵ ਬੈਂਕ ਆਫ ਇੰਡੀਆ, ਨਾਬਾਰਡ ਅਤੇ ਕਿਸੇ ਵੀ ਹੋਰ ਵਿੱਤੀ ਸੰਸਥਾਂ ਜਾਂ ਬੈਂਕ ਤੋਂ ਕਰਜਿਆਂ ਰਾਹੀਂ "ਅਤੇ

(vi) ਅਜਿਹੇ ਹੋਰ ਵਸੀਲਿਆਂ ਤੋਂ ਜੋ ਰਜਿਸਟਰਾਰ ਦੁਆਰਾ ਪ੍ਰਵਾਣਿਤ ਕੀਤੇ ਜਾਣ।

17. ਸਟੇਟ ਬੈਂਕ ਦੀ ਅਧਿਕਾਰਤ ਹਿੱਸਾ ਪੂੰਜੀ 100 ਕਰੋੜ ਹੋਵੇਗੀ ਅਤੇ ਇਸ ਦੇ ਨਾਲ 1000/- ਰੁਪਏ ਪ੍ਰਤੀ ਸ਼ੇਅਰ ਦੀ ਕੀਮਤ ਦੇ ਦਸ ਲੱਖ ਸ਼ੇਅਰ ਵੀ ਹੋਣਗੇ।

18. ਹਰ ਇਕ ਮੈਂਬਰ ਸ਼ੇਅਰ ਜਾਰੀ ਕਰਨ ਸਮੇਂ ਯਕਮੁਸ਼ਤ ਅਦਾਇਗੀ ਕਰਕੇ 1000/- ਰੁਪਏ ਦੇ ਮੁੱਲ ਦਾ ਘੱਟੋ ਘੱਟ ਇਕ ਸ਼ੇਅਰ ਜਰੂਰ ਖਰੀਦੇਗਾ।

**ਟਰੱਸਟੀ (ਅਮਾਨਤਦਾਰ) :**

19. ਰਜਿਸਟਰਾਰ ਸਟੇਟ ਬੈਂਕ ਵਲੋਂ ਰਿਣ ਪੱਤਰ (ਡਿਬੈਂਚਰ) ਜਾਰੀ ਕਰਵਾਉਣ



ਵਾਲਿਆਂ ਪ੍ਰਤੀ ਸਟੇਟ ਬੈਂਕ ਦੀਆਂ ਜਿੰਮੇਂਵਾਰੀਆਂ ਨਿਭਾਉਣ ਦੇ ਮੰਤਵ ਲਈ ਅਮਾਨਤਦਾਰ (ਟਰੱਸਟੀ) ਹੋਵੇਗਾ। ਟਰੱਸਟੀ ਆਪਣੀਆਂ ਸ਼ਕਤੀਆਂ ਅਤੇ ਕਾਰਜ ਸਟੇਟ ਬੈਂਕ ਅਤੇ ਉਸ ਵਿਚਕਾਰ ਬਣਵਾਈ ਗਈ ਟਰੱਸਟ ਲਿਖਤ (ਟਰੱਸਟ ਇੰਸਟਰੂਮੈਂਟ) ਅਨੁਸਾਰ ਵਰਤੇਗਾ ਜਾਂ ਨਿਭਾਏਗਾ। ਲਿਖਤ ਜਾਂ ਦਸਤਾਵੇਜ਼ ਦੀ ਕੋਈ ਮਿਆਦ ਸਟੇਟ ਬੈਂਕ ਅਤੇ ਟਰੱਸਟੀ ਦੀ ਆਪਸ ਵਿੱਚ ਸਹਿਮਤੀ ਨਾਲ ਤਬਦੀਲੀ ਕੀਤੀ ਜਾ ਸਕਦੀ ਹੈ। ਸਟੇਟ ਬੈਂਕ ਦੀ ਉਹ ਸਾਰੀ ਜਾਇਦਾਦ ਜਾਂ ਸੰਪਤੀ ਜਿਸ ਦੀ ਜਮਾਨਤ ਤੇ ਰਿਣ ਪੱਤਰ ਜਾਰੀ ਕੀਤੇ ਜਾਂਦੇ ਹਨ, ਟਰੱਸਟੀ ਨੂੰ ਸਪੁਰਦ ਹੋਵੇਗੀ ਅਤੇ ਰਿਣ ਪੱਤਰ ਧਾਰੀਆਂ ਦਾ ਬੋਰਡ ਜਾਂ ਟਰੱਸਟੀ ਦੇ ਕਬਜ਼ੇ ਵਿਚਲੀਆਂ ਸਾਰੀਆਂ ਰਹਿਣ ਕੀਤੀਆਂ ਵਸਤਾਂ ਅਤੇ ਰਕਮਾਂ ਅਤੇ ਸਟੇਟ ਬੈਂਕ ਦੀਆਂ ਸੰਪਤੀਆਂ ਤੇ ਅਸਥਾਈ (ਫਲੋਟਿੰਗ) ਚਾਰਜ ਹੋਵੇਗਾ।

**ਰਿਣ ਪੱਤਰ (ਡਿਬੈਂਚਰਜ਼)**

20. ਟਰੱਸਟੀ ਦੀ ਅਗੇਤੀ ਮਨਜ਼ੂਰੀ ਨਾਲ, ਬੋਰਡ ਅਜਿਹੇ ਸਮੇਂ, ਜੋ 30 ਸਾਲਾਂ ਤੋਂ ਨਾ ਵੱਧ ਹੋਵੇ, ਲਈ ਇਕ ਜਾਂ ਵੱਧ ਅੰਕ ਮੁੱਲ ਦੇ ਰਿਣ ਪੱਤਰ ਜਾਰੀ ਕਰ ਸਕਦਾ ਹੈ ਜਿਵੇਂ ਇਹ ਉਧਾਰ ਪ੍ਰਾਪਤ ਕਰਤਾ ਮੈਂਬਰਾਂ ਦੁਆਰਾ ਇਸ ਨੂੰ ਤਬਦੀਲੀ ਕੀਤੀਆਂ ਗਈਆਂ ਜਾਂ ਸਪੁਰਦ ਕੀਤੀਆਂ, ਗਹਿਣੇ ਰੱਖੀਆਂ ਗਈਆਂ ਜਾਂ ਹੋਰ ਸੰਪਤੀਆਂ ਅਤੇ ਸਟੇਟ ਬੈਂਕ ਦੀਆਂ ਸੰਪਤੀਆਂ ਦੀ ਸੁਰੱਖਿਆ ਲਈ ਲਾਭਦਾਇਕ ਸਮਝੇ। ਇਨ੍ਹਾਂ ਰਿਣ ਪੱਤਰਾਂ ਤੇ ਅਜਿਹਾ ਵਿਆਜ ਲਗੇਗਾ ਜੋ ਟਰੱਸਟੀ ਦੀ ਪ੍ਰਵਾਨਗੀ ਨਾਲ ਸਟੇਟ ਬੈਂਕ ਦੇ ਬੋਰਡ ਦੁਆਰਾ ਨਿਸ਼ਚਿਤ ਕੀਤਾ ਜਾਵੇ।

21. ਸਟੇਟ ਬੈਂਕ ਦਾ ਕੁੱਲ ਉਧਾਰ, ਡਿਬੈਂਚਰ ਜਾਰੀ ਕਰਕੇ ਜਾਂ ਹੋਰ ਕਿਸੇ ਵੀ ਸਮੇਂ ਰਿਜਰਵ ਫੰਡ ਸਮੇਤ ਇਸ ਦੀ ਚੁੱਕਤਾ ਹਿੱਸਾ ਪੂੰਜੀ ਦੇ 8● ਗੁਣਾ ਤੋਂ ਵੱਧ ਨਹੀਂ ਵਧੇਗਾ।

22. ੳ) ਡਿਬੈਂਚਰ ਅਜਿਹੇ ਸਮਿਆਂ ਤੋਂ ਪਹਿਲਾਂ ਨਹੀਂ ਛੁਡਵਾਏ ਜਾਂ ਵਾਪਸ ਲਏ ਜਾ ਸਕਦੇ ਜੋ ਸਟੇਟ ਬੈਂਕ ਦੇ ਬੋਰਡ ਦੁਆਰਾ ਇਨ੍ਹਾਂ ਨੂੰ ਜਾਰੀ ਕਰਨ ਸਮੇਂ ਨਿਸ਼ਚਿਤ ਕੀਤੇ ਜਾਣ;

ਅ) ਬੋਰਡ ਨੂੰ ਡਿਬੈਂਚਰ ਖਰੀਦਣ ਵਾਲਿਆਂ ਨੂੰ ਤਿੰਨ ਮਹੀਨਿਆਂ ਤੋਂ ਨਾ

ਘੱਟ ਸਮੇਂ ਦਾ ਨੋਟਿਸ ਦੇ ਕੇ ਜਾਰੀ ਕੀਤੇ ਗਏ ਕਿਸੇ ਵੀ ਡਿਬੈਂਚਰ ਨੂੰ ਛੁੱਡਵਾਉਣ ਲਈ ਨਿਸ਼ਚਿਤ ਕੀਤੀ ਗਈ ਮਿਤੀ ਤੋਂ ਪਹਿਲਾਂ ਕਿਸੇ ਵੀ ਸਮੇਂ ਵਾਪਸ ਕਰਵਾਉਣ ਦਾ ਹੱਕ ਵੀ ਹੋਵੇਗਾ। ਬੋਰਡ ਦੁਆਰਾ ਟਰੱਸਟੀ ਦੀ ਅਗੇਤੀ ਆਗਿਆ ਤੋਂ ਬਿਨਾਂ ਅਜਿਹੇ ਰਿਣ ਪੱਤਰਾਂ ਦੀ ਛੁੱਡਵਾਈ ਨਿਪਟਾਰਾ ਮਿਥੀ ਹੋਈ ਮਿਤੀ ਤੋਂ ਪਹਿਲਾਂ ਨਹੀਂ ਕੀਤੀ ਜਾਵੇਗੀ/ ਕੀਤਾ ਜਾਵੇਗਾ। ਬੋਰਡ ਜਦੋਂ ਕਦੀ ਵੀ ਟਰੱਸਟੀ ਦੁਆਰਾ ਮੰਗ ਕੀਤੇ ਜਾਣ ਤੇ ਕਿਸੇ ਵੀ ਜਾਂ ਸਾਰੇ ਰਿਣ ਪੱਤਰਾਂ (ਡਿਬੈਂਚਰਜ਼) ਨੂੰ ਇਸ ਉਪ ਨਿਯਮ ਵਿੱਚ ਨਿਸ਼ਚਿਤ ਕੀਤੇ ਗਏ ਅਨੁਸਾਰ ਨੋਟਿਸ ਦੇ ਕੇ ਡਿਬੈਂਚਰ ਲਈ ਨਿਸ਼ਚਿਤ ਕੀਤੀ ਗਈ ਮਿਆਦ ਦੇ ਖਤਮ ਹੋਣ ਤੋਂ ਪਹਿਲਾਂ ਕਿਸੇ ਵੀ ਸਮੇਂ ਛੁਡਵਾ ਸਕਦਾ ਹੈ। ਟਰੱਸਟੀ ਡਿਬੈਂਚਰ ਦੀ ਮਿਆਦ ਖਤਮ ਹੋਣ ਤੋਂ ਪਹਿਲਾਂ ਕੇਵਲ ਰਿਜਰਵ ਬੈਂਕ ਦੀ ਸੁਲਾਹ ਅਨੁਸਾਰ ਹੀ ਇਸ ਦੀ ਛੁੱਡਵਾਈ ਦੀ ਸਹਿਮਤੀ ਦੇ ਸਕਦਾ ਹੈ। ਪਰ ਇਹ ਵਿਕਾਸ ਕੰਮਾਂ ਲਈ ਜਾਰੀ ਕੀਤੇ ਵਿਸ਼ੇਸ਼ ਡਿਬੈਂਚਰ ਜੋ ਬੈਂਕ ਦੁਆਰਾ ਨਾਬਾਰਡ ਵੱਲੋਂ ਮਨਜ਼ੂਰ ਕੀਤੀਆਂ ਗਈਆਂ ਸਕੀਮਾਂ ਅਧੀਨ ਜਾਰੀ ਕੀਤੇ ਜਾਂਦੇ ਹਨ, ਉਕਤ ਸੰਸਥਾ ਦੀ ਸਹਿਮਤੀ ਨਾਲ ਮਿਥੇ ਸਮੇਂ ਤੋਂ ਪਹਿਲਾਂ ਛੁਡਵਾਏ ਜਾ ਸਕਦੇ ਹਨ ਅਤੇ ਟਰੱਸਟੀ ਜਾਂ ਰਿਜਰਵ ਬੈਂਕ ਦੇ ਕਿਸੇ ਅਜਿਹੇ ਨੋਟਿਸ ਜਾਂ ਸਹਿਮਤੀ ਦੀ ਅਜਿਹਾ ਕਰਨ ਲਈ ਲੋੜ ਨਹੀਂ ਹੋਵੇਗੀ।

23. ਡਿਬੈਂਚਰ ਰੱਖਣ ਵਾਲਾ ਕੋਈ ਵੀ ਮੈਂਬਰ ਡਿਬੈਂਚਰ ਲਈ ਮਿਥੀ ਗਈ ਮਿਆਦ ਦੇ ਖਤਮ ਹੋਣ ਤੋਂ ਪਹਿਲਾਂ ਆਪਣੇ ਡਿਬੈਂਚਰ ਦੀ ਕੀਮਤ ਦੀ ਅਦਾਇਗੀ ਦਾ ਦਾਅਵਾ ਨਹੀਂ ਕਰੇਗਾ।

24. ੳ) ਹਰੇਕ ਡਿਬੈਂਚਰ ਹੋਲਡਰ, ਜਿਸ ਦਾ ਡਿਬੈਂਚਰ ਉਪ ਨਿਯਮ 22(ਅ) ਅਧੀਨ ਨੋਟਿਸ ਦੇਣ ਤੇ ਵਾਪਸ ਲਿਆ ਜਾਣਾ ਹੋਵੇ ਨੂੰ ਛੁਡਵਾਈ ਦੀ ਮਿਤੀ ਤੱਕ ਵਿਆਜ ਸਮੇਤ ਅਜਿਹੀ ਰਕਮ ਅਦਾ ਕਰਨੀ ਹੋਵੇਗੀ ਜਿੰਨੀ ਡਿਬੈਂਚਰ ਕਰਨ ਸਮੇਂ ਮਿਥੀ ਗਈ ਹੋਵੇ। ਡਿਬੈਂਚਰ ਪ੍ਰਾਪਤ ਕਰਤਾ ਨੋਟਿਸ



ਵਿਚ ਵਰਣਿਤ ਮਿਆਦ ਖਤਮ ਹੋਣ ਤੇ ਬੈਂਕ ਨੂੰ ਮੂਲ ਰੂਪ ਵਿੱਚ ਡਿਬੈਂਚਰ ਵਾਪਸ ਕਰੇਗਾ। ਅਗਰ ਨੋਟਿਸ ਵਿਚ ਨਿਸ਼ਚਿਤ ਕੀਤੀ ਗਈ ਮਿਆਦ ਦੇ ਖਤਮ ਹੋਣ ਤਕ ਡਿਬੈਂਚਰ ਵਾਪਸ ਨਹੀਂ ਕੀਤਾ/ਕੀਤੇ ਜਾਂਦੇ ਤਾਂ ਡਿਬੈਂਚਰ ਪ੍ਰਾਪਤ ਕਰਤਾ ਸਟੇਟ ਬੈਂਕ ਤੋਂ ਉਕਤ ਸਮੇਂ ਤੋਂ ਬਾਅਦ ਬਣਦੇ ਵਿਆਜ ਦਾ ਦਾਅਵਾ ਨਹੀਂ ਕਰੇਗਾ।

ਅ) ਡਿਬੈਂਚਰਾਂ ਤੇ ਪ੍ਰੈਜੀਡੈਂਟ/ ਚੇਅਰਮੈਨ ਜਾਂ ਮੈਨੇਜਿੰਗ ਡਾਇਰੈਕਟਰ ਦੁਆਰਾ ਦਸਤਖਤ ਕੀਤੇ ਜਾਣਗੇ ਅਤੇ ਇਹ ਬਣਾਏ ਜਾਣਗੇ। ਬੈਂਕ ਨੂੰ ਡਿਬੈਂਚਰ ਜਾਰੀ ਕਰਨ ਦੇ ਸਬੰਧ ਵਿੱਚ ਇਕ ਖਾਸ ਕਿਸਮ ਦੀ ਮੁਹਰ ਰੱਖਣੀ ਹੋਵੇ ਗੀ ਅਤੇ ਇਹ ਮੁਹਰ ਮੈਨੇਜਿੰਗ ਡਾਇਰੈਕਟਰ ਦੇ ਕਬਜ਼ੇ ਵਿੱਚ ਰਹੇਗੀ।

25. ਸਟੇਟ ਬੈਂਕ ਸਾਲਾਨਾ ਤੋਰ ਤੇ ਛੁਡਵਾਏ ਜਾਣ ਲਈ ਲੋੜੀਂਦੇ ਵਿਸ਼ੇਸ਼ ਵਿਕਾਸ ਡਿਬੈਂਚਰਾਂ ਤੋਂ ਸਿਵਾਏ ਇਸ ਦੁਆਰਾ ਜਾਰੀ ਕੀਤੇ ਗਏ ਡਿਬੈਂਚਰਾਂ ਦੀ ਛੁੱਡਵਾਈ ਬਦਲੇ ਪੈਸਾ ਮੋੜਨ ਵਾਸਤੇ ਇਕ ਪੈਸਾ ਵਾਪਸੀ (ਸੈਂਕਿੰਗ) ਫੰਡ ਸਿਰਜਿਤ ਕਰੇਗਾ। ਇਸ ਫੰਡ ਵਿੱਚ ਪੈਸਾ ਸਟੇਟ ਬੈਂਕ ਦੁਆਰਾ ਅਜਿਹੇ ਢੰਗ ਵਿੱਚ ਪਾਇਆ ਜਾਵੇਗਾ ਜਿਵੇਂ ਸਮੇਂ ਸਮੇਂ ਤੇ ਟਰੱਸਟੀ ਦੁਆਰਾ ਪਰਵਾਨ ਕੀਤਾ ਜਾਵੇ।

## ਕਰਜ਼ੇ :

26. (i) ਕਰਜ਼ਾ ਮੈਂਬਰ ਨੂੰ ਦਿੱਤਾ ਜਾਵੇਗਾ ਪ੍ਰੰਤੂ ਕੋਈ ਮੈਂਬਰ ਇਕ ਹੱਕ ਵਜੋਂ ਕਰਜ਼ੇ ਦਾ ਦਾਅਵਾ ਨਹੀਂ ਕਰ ਸਕਦਾ।

(ii) ਕਰਜ਼ਾ ਲੈਣ ਲਈ ਸਾਰੀਆਂ ਦਰਖਾਸਤਾਂ ਸਟੇਟ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਨੂੰ ਸੰਬੋਧਨ ਹੋਣਗੀਆਂ। ਹਰ ਇਕ ਦਰਖਾਸਤ ਦੇ ਨਾਲ ਅਜਿਹੇ ਦਸਤਾਵੇਜ ਲਗਾਏ ਜਾਣਗੇ ਜੋ ਰਜਿਸਟਰਾਰ ਦੁਆਰਾ ਪ੍ਰਵਾਨ ਕੀਤੇ ਜਾਣ। ਅਜਿਹੀਆਂ ਸਾਰੀਆਂ ਦਰਖਾਸਤਾਂ ਮੈਨੇਜਿੰਗ ਡਾਇਰੈਕਟਰ ਦੁਆਰਾ ਨਿੱਪਟਾਈਆਂ ਜਾਣਗੀਆਂ। ਮੈਨੇਜਿੰਗ ਡਾਇਰੈਕਟਰ ਬਿਨਾਂ ਕੋਈ ਕਾਰਨ ਦਿੱਤੇ ਕਰਜ਼ੇ ਦੀ ਕਿਸੇ ਵੀ ਦਰਖਾਸਤ ਨੂੰ ਰੱਦ ਕਰ ਸਕਦਾ ਹੈ।

27. ੳ) ਕਿਸੇ ਵੀ ਮੈਂਬਰ ਨੂੰ ਚੁੱਕਤਾ ਹਿੱਸਾ ਪੂੰਜੀ ਐਤ `ਅਰ ਖਰੀਦ ਦੀ

ਜਮ੍ਹਾਂ ਰਾ ਾ ਦੇ 5● ਗੁਣਾਂ ਤੋਂ ਨਾ ਵੱਧ ਕਰ ਾ ਦੇਣ ਦੇ ਸਿਧਾਂਤ ਮੁਤਾਬਕ ਸਟੇਟ ਬੈਂਕ ਵਲੋਂ ਕਰਜਾ ਨਹੀਂ ਦਿੱਤਾ ਜਾਵੇਗਾ।

ਅ) ਸ਼ੇਅਰ ਪਰਚੇਜ ਡਿਪਾਜਿਟ ਸਮੇਤ ਚੁੱਕਤਾ ਹਿੱਸਾ ਪੂੰਜੀ ਅਤੇ ਮੈਂਬਰਾਂ ਨੂੰ ਦਿੱਤੇ ਗਏ ਕਰਜ਼ੇ ਵਿਚਕਾਰ ਕਾਇਮ ਰੱਖੇ ਜਾਣ ਵਾਲੇ ਅਨੁਪਾਤ ਸਬੰਧੀ ਬਾਈਲਾਜ਼ 27 ਵਿੱਚ ਦਰਜ਼ ਕੋਈ ਵੀ ਚੀਜ਼ ਪੰਜਾਬ ਭੂਮੀਂ ਸੁਧਾਰ ਸਕੀਮਜ਼ ਐਕਟ, 1963 ਅਧੀਨ ਡਵੀਜ਼ਨ ਭੂਮੀਂ ਸੁਧਾਰ ਸਕੀਮਾਂ ਨੂੰ ਲਾਗੂ ਕਰਨ ਲਈ ਦਿੱਤੇ ਗਏ ਕਰਜ਼ੇ ਦੇ ਸਬੰਧ ਵਿੱਚ ਲਾਗੂ ਨਹੀਂ ਹੋਵੇਗੀ।

ੲ) ਬਾਈਲਾਜ਼-27 ਵਿੱਚ ਦਰਜ਼ ਕਿਸੇ ਚੀਜ਼ ਦੇ ਹੁੰਦਿਆਂ ਹੋਇਆਂ ਵੀ ਰਜਿਸਟਰਾਰ ਸਹਿਕਾਰੀ ਸਭਾਵਾਂ (ਆਰ. ਸੀ. ਐਸ.) ਸਟੇਟ ਬੈਂਕ ਦੀ ਸਲਾਹ ਨਾਲ ਕਿਸੇ ਮੈਂਬਰ ਦੁਆਰਾ ਕਿਸੇ ਸਾਂਝੇ ਕੰਮ ਨਾਲ ਸਬੰਧਤ ਏ. ਆਰ. ਸੀ. ਸਕੀਮ ਅਧੀਨ ਸਟੇਟ ਬੈਂਕ ਤੋਂ ਕਰਜ਼ਾ ਲੈਣ ਲਈ ਕਿਸੇ ਵੀ ਸ਼ਰਤ ਵਿੱਚ ਛੋਟ ਦੇ ਸਕਦਾ ਹੈ।

28. ਵਿਆਜ਼ ਦੀ ਦਰ ਜਿਸ ਤੇ ਸਟੇਟ ਬੈਂਕ ਆਪਣੇ ਮੈਂਬਰਾਂ ਨੂੰ ਕਰਜ਼ੇ ਦੇ ਸਕਦੀ ਹੈ, ਅਜਿਹੀ ਹੋਵੇਗੀ ਜੋ ਬੋਰਡ ਦੁਆਰਾ ਸਮੇਂ ਸਮੇਂ ਤੇ ਨਿਸ਼ਚਿਤ ਕੀਤੀ ਜਾਵੇਗੀ।

## ਮੈਨੇਜਮੈਂਟ :

29. ਬੋਰਡ ਜਾਂ ਸਟੇਟ ਬੋਰਡ ਨਿਮਨਲਿਖਤ ਢੰਗ ਵਿੱਚ ਗਠਿਤ ਕੀਤਾ ਜਾਵੇਗਾ।

(i) ਸਟੇਟ ਕੋਆਪ੍ਰੇਟਿਵ ਬੈਂਕ ਦਾ ਇਕ ਪ੍ਰਤੀਨਿਧ।

(ii) ਨਾਬਾਰਡ ਦੁਆਰਾ ਨਾਮਜ਼ਦ ਕੀਤਾ ਜਾਣ ਵਾਲਾ ਨਾਬਾਰਡ ਦਾ ਇਕ ਪ੍ਰਤੀਨਿਧ।

(iii) ਰਾਜ ਸਰਕਾਰ ਦੁਆਰਾ ਜਦੋਂ ਤਕ ਸਰਕਾਰ ਸ਼ੇਅਰ ਹੋਲਡਰ ਹੋਵੇ, ਨਾਮਜ਼ਦ ਕੀਤੇ ਜਾਣ ਵਾਲੇ ਵੱਧ ਤੋਂ ਵੱਧ ਤਿੰਨ ਕਰਮਚਾਰੀ।

(iv) ਰਜਿਸਟਰਾਰ ਜਾਂ ਉਸ ਦਾ ਪ੍ਰਤੀਨਿਧ।

(v) ਪੀ.ਏ.ਡੀ.ਬੀ.ਦੇ 7 ਨਿਕਟਵਰਤੀ ਮੈਬਰਾਂ ਦੇ ਹਰੇਕ ਜੋਨ ਵਿੱਚੋਂ ਇਕ



ਡਾਇਰੈਕਟਰ ਚੁਣਿਆ ਜਾਵੇਗਾ। ਜੇ ਮੈਂਬਰ ਪੀ.ਏ.ਡੀ.ਬੀਜ. ਦੀ 7 ਉਪਰ ਤਕਸੀਮ ਤੋਂ ਬਾਅਦ ਮੈਂਬਰ ਬਾਕੀ ਰਹਿੰਦੇ ਹਨ ਤਾਂ ਉਸ ਨੂੰ ਨਾਲ ਲਗਦੇ ਜੋਨ ਵਿੱਚ ਇਸ ਤਰ੍ਹਾਂ ਾਮਲ ਕੀਤਾ ਜਾਵੇ ਤਾਂ ਜੋ ਕਿਸੇ ਵੀ ਜੋਨ ਵਿੱਚ 8 ਮੈਂਬਰ ਪੀ.ਏ.ਡੀ.ਬੀ. ਤੋਂ ਵੱਧ ਨਾ ਹੋਣ। ਪ੍ਰੰਤੂ ਫਿਰ ਵੀ ਜੇ ਤਕਸੀਮ ਕਰਨ ਉਪਰੰਤ ਮੈਂਬਰ ਪੀ.ਏ.ਡੀ.ਬੀ. ਦੀ ਗਿਣਤੀ 4 ਤੋਂ ਵੱਧ ਹੋਵੇ ਤਾਂ ਇੱਕ ਵੱਖਰਾ ਜੋਨ ਬਣਾਇਆ ਜਾ ਸਕਦਾ ਹੈ।

30. ਸਟੇਟ ਬੈਂਕ ਦੇ ਬੋਰਡ ਦਾ ਮੈਂਬਰ ਚੁਣੇ ਜਾਣ ਲਈ ਕੋਈ ਅਜਿਹਾ ਮੈਂਬਰ ਯੋਗ ਨਹੀਂ ਹੋਵੇਗਾ ਜੇਕਰ ਉਹ :-

ੳ) 21 ਸਾਲ ਦੀ ਉਮਰ ਤੋਂ ਘੱਟ ਹੋਵੇ; ਜਾਂ

ਅ) ਕੇਂਦਰ ਸਰਕਾਰ, ਰਾਜ ਸਰਕਾਰ, ਸਟੇਟ ਬੈਂਕ ਜਾਂ ਕਿਸੇ ਸਹਿਕਾਰੀ ਬੈਂਕ ਦਾ ਤਨਖਾਹ ਲੈ ਰਿਹਾ ਕਰਮਚਾਰੀ ਹੋਵੇ; ਜਾਂ

ੲ) ਕਿਸੇ ਬੇਈਮਾਨੀ ਜਾਂ ਨੈਤਿਕ ਪਖੋਂ ਗਿਰਾਵਟ ਦੇ ਕਿਸੇ ਜੁਰਮ ਵਿਚ ਦੋਸ਼ੀ ਠਹਿਰਾਇਆ ਗਿਆ ਹੋਵੇ, ਜਾਂ

ਸ) ਉਸ ਨੇ ਦੀਵਾਲੀਏ ਵਜੋਂ ਅਪਲਾਈ ਕੀਤਾ ਹੋਵੇ ਜਾਂ ਉਸ ਨੂੰ ਦੀਵਾਲੀਆ ਕਰਾਰ ਦਿੱਤਾ ਗਿਆ ਹੋਵੇ ; ਜਾਂ

ਹ) ਉਹ ਦਿਮਾਗੀ ਤਵਾਜਨ ਗੁਵਾ ਬੈਠਾ ਹੋਵੇ; ਜਾਂ

ਕ) ਉਸ ਵੱਲੋਂ ਸੁਸਾਇਟੀ ਨੂੰ ਦੇਣੀ ਬਣਦੀ ਕਿਸੇ ਰਕਮ ਸਬੰਧੀ ਸਹਿਕਾਰੀ ਸਭਾ ਦਾ ਉਹ ਦੇਣਦਾਰ ਹੋਵੇ ਜਾਂ ਉਸ ਨੇ ਕਿਸੇ ਸਹਿਕਾਰੀ ਸਭਾ ਦਾ ਆਪਣੀ ਉਧਾਰ ਲੈਣ ਦੀ ਸੀਮਾਂ ਤੋਂ ਵੱਧ ਕਰਜ਼ਾ ਦੇਣਾ ਹੋਵੇ; ਜਾਂ

ਖ) ਉਹ ਕਿਸੇ ਅਜਿਹੇ ਠੇਕੇ ਵਿਚ ਸਿੱਧੇ ਜਾਂ ਅਸਿੱਧੇ ਤੌਰ ਤੇ ਰੁੱਚੀ ਰੱਖਦਾ ਹੋਵੇ ਜਿਸ ਵਿੱਚ ਸਟੇਟ ਬੈਂਕ ਪਾਰਟੀ ਹੋਵੇ ਜਾਂ ਸਟੇਟ ਬੈਂਕ ਦੇ ਉਦੇਸ਼ ਨੂੰ ਪੂਰਾ ਕਰਨ ਲਈ ਕਿਸੇ ਮੈਂਬਰ ਪ੍ਰਾਇਮਰੀ ਐਗਰੀਕਲਚਰਲ ਡਿਵੈਲਪਮੈਂਟ ਬੈਂਕ ਦੇ ਪ੍ਰਤੀਨਿਧ ਵਜੋਂ ਸਟੇਟ ਬੈਂਕ ਦੁਆਰਾ ਕੀਤੀ ਗਈ ਕਿਸੇ ਵਿਕਰੀ ਜਾਂ ਖਰੀਦ ਵਿੱਚ ਰੁੱਚੀ ਰੱਖਦਾ ਹੋਵੇ; ਜਾਂ

ਗ) ਕਿਸੇ ਮੈਂਬਰ ਪ੍ਰਾਇਮਰੀ ਐਗਰੀਕਲਚਰਲ ਡਿਵੈਲਪਮੈਂਟ ਬੈਂਕ ਦੀ ਪ੍ਰਤੀਨਿਧਤਾ ਨਾ ਕਰਦਾ ਹੋਵੇ ; ਜਾਂ

ਘ) ਉਸ ਮੈਂਬਰ ਐਗਰੀਕਲਚਰਲ ਬੈਂਕ ਦੀ ਪ੍ਰਤੀਨਿਧਤਾ ਕਰਦਾ ਹੋਵੇ ਜਿਹੜੀ ਚੋਣ ਸਮੇਂ ਸਟੇਟ ਬੈਂਕ ਦੀ ਡਿਫਾਲਟਰ ਹੋਵੇ;

31. ਬੋਰਡ ਦੀ ਚੋਣ, ਪੰਜਾਬ ਸਹਿਕਾਰੀ ਸਭਾਵਾਂ ਐਕਟ, ਇਸ ਅਧੀਨ ਬਣਾਏ ਗਏ ਨਿਯਮਾਂ ਵਿੱਚ ਦਰਜ਼ ਉਪਬੰਧਾਂ ਅਤੇ ਰਜਿਸਟਰਾਰ ਵਲੋਂ ਇਸ ਸਬੰਧੀ ਸਮੇਂ ਸਮੇਂ ਤੇ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਕੀਤੀ ਜਾਵੇਗੀ।

32. ਅਹੁਦੇਦਾਰ ਬੋਰਡ ਆਫ ਡਾਇਰੈਕਟਰਜ਼/ਮੈਨੇਜਿੰਗ ਕਮੇਟੀ ਦੇ ਚੁਣੇ ਹੋਏ ਮੈਂਬਰਾਂ ਦੁਆਰਾ ਆਪਣੇ ਵਿਚੋਂ ਚੁਣੇ ਜਾਣਗੇ। ਚੁਣੇ ਗਏ ਅਹੁਦੇਦਾਰਾਂ ਦੀ ਮਿਆਦ ਬੋਰਡ/ਕਮੇਟੀ ਦੀ ਮਿਆਦ ਜਿੰਨੀ ਹੋਵੇਗੀ। ਪ੍ਰੰਤੂ ਸ਼ਰਤ ਇਹ ਕਿ ਚੁਣੇ ਹੋਏ ਅਹੁਦੇਦਾਰਾਂ ਨੂੰ ਬੋਰਡ/ਕਮੇਟੀ ਦੇ ਚੁਣੇ ਹੋਏ ਮੈਂਬਰਾਂ ਦੀ ਕੁੱਲ ਗਿਣਤੀ ਦੇ 2/3 ਬਹੁਮਤ ਰਾਹੀਂ ਪਾਸ ਕੀਤੇ ਗਏ ਮਤੇ ਰਾਹੀਂ ਅਵਿਸ਼ਵਾਸ ਪ੍ਰਸਤਾਵ ਦੁਆਰਾ ਹਟਾਇਆ ਜਾ ਸਕਦਾ ਹੈ। ਨਵੇਂ ਅਹੁਦੇਦਾਰਾਂ ਨੂੰ ਬੋਰਡ/ਕਮੇਟੀ ਦੀ ਬਾਕੀ ਰਹਿੰਦੀ ਮਿਆਦ ਤਕ ਚੁਣਿਆਂ ਜਾਵੇਗਾ। ਨਾਮਜ਼ਦ ਕੀਤੇ ਹੋਏ ਮੈਂਬਰਾਂ ਨੂੰ ਅਹੁਦੇਦਾਰਾਂ ਦੀ ਚੋਣ ਜਾਂ ਉਨ੍ਹਾਂ ਦੀ ਬਰਖਾਸਤਗੀ ਲਈ ਵੋਟ ਦੇਣ ਦਾ ਹੱਕ ਨਹੀਂ ਹੋਵੇਗਾ।

33. "ਬੋਰਡ ਦਾ ਚੁਣਿਆਂ ਹੋਇਆ ਮੈਂਬਰ ਉਸ ਸੂਰਤ ਵਿੱਚ ਆਪਣੇ ਅਹੁਦੇ ਤੇ ਨਹੀਂ ਰਹੇਗਾ ਅਗਰ :

ੳ) ਬਾਈ-ਲਾਜ਼ 30 ਦੀਆਂ ਕਲਾਜ਼ਾਂ (ੳ) ਤੋਂ (ਖ) ਤਕ ਵਿਚ ਉਪਬੰਧਤ ਕੀਤੇ ਗਏ ਅਨੁਸਾਰ ਅਯੋਗ ਹੋ ਜਾਵੇ : ਜਾਂ

ਅ) ਕਿਸੇ ਸੁਸਾਇਟੀ ਨੂੰ ਬੰਦ ਕਰਨ ਦੇ ਹੁਕਮਾਂ ਜਾਂ ਸ੍ਰੇਣੀ-ਡੀ. ਅਧੀਨ ਆਉਂਦੀ ਕਿਸੇ ਸੁਸਾਇਟੀ ਦਾ ਪ੍ਰਤੀਨਧ ਹੋਵੇ; ਜਾਂ

ੲ) ਉਹ ਪ੍ਰਤੀਨਿਧਤਾ ਕੀਤੀ ਜਾਣ ਵਾਲੀ ਕਿਸੇ ਸੁਸਾਇਟੀ ਦਾ ਸ਼ੇਅਰ ਹੋਲਡਰ ਨਾ ਰਹੇ; ਜਾਂ

ਸ) ਉਹ ਕਿਸੇ ਅਜਿਹੀ ਸੁਸਾਇਟੀ ਦਾ ਪ੍ਰਤੀਨਿਧ ਹੋਵੇ ਜਿਹੜੀ ਸਟੇਟ ਬੈਂਕ ਦੀ ਮੈਂਬਰ ਨਾ ਰਹੇ; ਜਾਂ

ਹ) ਉਸ ਦਾ ਅਸਤੀਫਾ ਬੋਰਡ ਦੁਆਰਾ ਸਵੀਕਾਰ ਕਰ ਲਿਆ ਹੋਵੇ; ਜਾਂ

ਕ) ਉਹ ਕਿਸੇ ਅਜਿਹੀ ਸੁਸਾਇਟੀ ਦਾ ਪ੍ਰਤੀਨਿਧ ਹੋਵੇ ਜੋ ਲਗਾਤਾਰ ਤਿੰਨ



ਮਹੀਨਿਆਂ (3) ਦੇ ਸਮੇਂ ਲਈ ਕਰਜ਼ੇ ਸਬੰਧੀ ਸਟੇਟ ਬੈਂਕ ਦਾ ਦੇਣਦਾਰ (ਡਿਫਾਲਟਰ) ਹੋਵੇ; ਜਾਂ

ਖ) ਉਹ ਉਸ ਪ੍ਰਾਇਮਰੀ ਕੋਆਪ੍ਰੇਟਿਵ ਐਗਰੀਕਲਚਰਲ ਡਿਵੈਂਲਪਮੈਂਟ ਬੈਂਕ ਦੀ ਕਮੇਟੀ ਦਾ ਮੈਂਬਰ ਨਾ ਰਹੇ ਜਿਸ ਦੀ ਉਹ ਪ੍ਰਤੀਨਿਧਤਾ ਕਰ ਰਿਹਾ ਹੋਵੇ; ਜਾਂ

ਗ) ਕੱਟ ਦਿੱਤਾ ਗਿਆ।

34. ਚੁਣੇ ਹੋਏ ਬੋਰਡ ਦੀ ਮਿਆਦ ਇਸ ਦੀ ਚੋਣ ਦੀ ਮਿਤੀ ਤੋਂ ਪੰਜ ਸਾਲ ਹੋਵੇਗੀ। ਬੋਰਡ ਦੇ ਅਹੁਦੇਦਾਰ ਬੋਰਡ ਆਫ ਡਾਇਰੈਕਟਰਜ਼ ਦੇ ਚੁਣੇ ਹੋਏ ਮੈਂਬਰਾਂ ਦੁਆਰਾ ਇਸ ਦੇ ਮੈਂਬਰਾਂ ਵਿਚੋਂ ਚੁਣੇ ਜਾਣਗੇ।

ਚੁਣੇ ਹੋਏ ਅਹੁਦੇਦਾਰਾਂ ਦੀ ਮਿਆਦ ਬੋਰਡ ਦੀ ਮਿਆਦ ਜਿੰਨੀ ਹੋਵੇਗੀ। ਪ੍ਰੰਤੂ ਸ਼ਰਤ ਇਹ ਹੈ ਕਿ ਚੁਣੇ ਹੋਏ ਅਹੁਦੇਦਾਰਾਂ ਨੂੰ ਬੋਰਡ ਦੇ ਚੁਣੇ ਹੋਏ ਕੁੱਲ ਮੈਂਬਰਾਂ ਦੇ 2/3 ਬਹੁਮਤ ਨਾਲ ਪਾਸ ਕੀਤੇ ਗਏ ਮਤੇ ਰਾਹੀਂ ਅਵਿਸ਼ਵਾਸ ਪ੍ਰਸਤਾਵ ਦੁਆਰਾ ਹਟਾਇਆ ਵੀ ਜਾ ਸਕਦਾ ਹੈ। ਨਵੇਂ ਅਹੁਦੇਦਾਰਾਂ ਨੂੰ ਬੋਰਡ ਦੀ ਬਾਕੀ ਰਹਿੰਦੀ ਮਿਆਦ ਤਕ ਲਈ ਚੁਣਿਆ ਜਾਵੇਗਾ।

ਨਾਮਜ਼ਦ ਕੀਤੇ ਗਏ ਮੈਂਬਰਾਂ ਨੂੰ ਅਹੁਦੇਦਾਰਾਂ ਨੂੰ ਚੁਣਨ ਜਾਂ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਲਈ ਵੋਟ ਦੇਣ ਦਾ ਹੱਕ ਨਹੀਂ ਹੋਵੇਗਾ।

35. ਕੱਟ ਦਿੱਤਾ ਗਿਆ।

36. ੳ) ਬੋਰਡ ਤਿੰਨ ਮਹੀਨਿਆਂ ਵਿੱਚ ਘੱਟੋ ਘੱਟ ਇਕ ਵਾਰੀਂ ਜਰੂਰ ਮੀਟਿੰਗ ਕਰੇਗਾ। ਡਾਇਰੈਕਟਰਾਂ ਨੂੰ ਮੀਟਿੰਗ ਹੋਣ ਤੋਂ ਪਹਿਲਾਂ ਘੱਟ ਤੋਂ ਘੱਟ 15 ਦਿਨਾਂ ਦਾ ਨੋਟਿਸ ਭੇਜਿਆ ਜਾਵੇਗਾ। ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ ਸਟੇਟ ਬੈਂਕ ਦਾ ਮੈਨੇਜਿੰਗ ਡਾਇਰੈਕਟਰ ਬੁਲਾਏਗਾ। ਮੈਂਬਰਾਂ ਦੀ ਕੁੱਲ ਗਿਣਤੀ ਦਾ ਇਕ ਤਿਹਾਈ ਭਾਗ ਬੋਰਡ ਦੀ ਮੀਟਿੰਗ ਕਰਨ ਲਈ ਕੋਰਮ ਵਜੋਂ ਕਾਫੀ ਹੋਵੇਗਾ। ਪ੍ਰੈਜੀਡੈਂਟ ਜਾਂ ਉਸ ਦੀ ਗੈਰ ਹਾਜ਼ਰੀ ਵਿਚ ਵਾਇਸ ਪ੍ਰੈਜੀਡੈਂਟ ਅਤੇ ਜੇਕਰ ਉਹ ਦੋਵੇਂ ਗੈਰ ਹਾਜ਼ਰ ਹੋਣ ਤਾਂ ਮੀਟਿੰਗ

ਵਿੱਚ ਹਾਜ਼ਰ ਮੈਂਬਰਾਂ ਦੁਆਰਾ ਚੁਣਿਆ ਗਿਆ ਕੋਈ ਮੈਂਬਰ ਬੋਰਡ ਦੀ ਮੀਟਿੰਗ ਦੀ ਪ੍ਰਧਾਨਗੀ ਕਰੇਗਾ। ਹਰ ਇਕ ਮੈਂਬਰ ਨੂੰ ਵੋਟ ਦੇਣ ਦਾ ਅਧਿਕਾਰ ਹੋਵੇਗਾ। ਹਰੇਕ ਮਾਮਲੇ ਦਾ ਫੈਸਲਾ ਬਹੁਮਤ ਵੋਟ ਰਾਹੀਂ ਕੀਤਾ ਜਾਵੇਗਾ। ਵੋਟਾਂ ਬਰਾਬਰ ਹੋਣ ਦੀ ਸੂਰਤ ਵਿੱਚ ਮੀਟਿੰਗ ਦੇ ਪ੍ਰਧਾਨ ਨੂੰ ਨਿਰਣਾਇਕ (ਕਾਸਟਿੰਗ) ਵੋਟ ਦੇਣ ਦਾ ਹੱਕ ਹੋਵੇਗਾ।

ਅ) ਕੋਈ ਤਿੰਨ ਜਾਂ ਬੋਰਡ ਦੇ ਕੁੱਲ ਮੈਂਬਰਾਂ ਦੀ ਗਿਣਤੀ ਦਾ ਤੀਜਾ ਹਿੱਸਾ, ਜੋ ਵੀ ਘੱਟ ਹੋਵੇ, ਮੈਂਬਰ ਸਟੇਟ ਬੈਂਕ ਦੇ ਪ੍ਰੈਜੀਡੈਂਟ ਨੂੰ ਲਿਖਤੀ ਬੇਨਤੀ ਰਾਹੀਂ ਬੋਰਡ ਦੀ ਵਿਸ਼ੇਸ਼ ਮੀਟਿੰਗ ਬੁਲਾਉਣ ਦੀ ਮੰਗ ਕਰ ਸਕਦੇ ਹਨ। ਪ੍ਰੈਜੀਡੈਂਟ ਅਜਿਹੀ ਮੰਗ ਦੀ ਪ੍ਰਾਪਤੀ ਤੇ 7 ਦਿਨਾਂ ਦੇ ਅੰਦਰ ਅੰਦਰ ਬੋਰਡ ਦੀ ਮੀਟਿੰਗ ਬੁਲਾਏਗਾ। ਅਗਰ ਉਹ ਅਜਿਹੀ ਮੰਗ ਦੀ ਪ੍ਰਾਪਤੀ ਤੋਂ ਸੱਤ ਦਿਨਾਂ ਦੇ ਅੰਦਰ ਮੀਟਿੰਗ ਨਹੀਂ ਬੁਲਾਉਂਦਾ ਤਾਂ ਰਜਿਸਟਰਾਰ, ਅਜਿਹੀ ਮੰਗ ਲਈ ਹਸਤਾਖਰ ਕਰਨ ਵਾਲੇ ਮੈਂਬਰਾਂ ਵੱਲੋਂ ਦਰਖਾਸਤ ਦੇਣ ਤੇ ਸਾਰੇ ਮੈਂਬਰਾਂ ਨੂੰ ਉਚਿਤ ਨੋਟਿਸ ਦੇ ਕੇ ਜਿਵੇਂ ਨਿਯਮਾਂ ਅਤੇ ਇਨ੍ਹਾਂ ਬਾਈਲਾਜ਼ ਅਧੀਨ ਲੋੜੀਂਦਾ ਹੈ, ਬੋਰਡ ਦੀ ਮੀਟਿੰਗ ਬੁਲਾ ਸਕਦਾ ਹੈ।

37. ਅਗਰ ਸਟੇਟ ਬੈਂਕ ਦੇ ਬੋਰਡ ਦਾ ਕੋਈ ਚੁਣਿਆ ਹੋਇਆ ਮੈਂਬਰ ਬਿਨਾਂ ਕਿਸੇ ਉਚਿਤ ਕਾਰਨਾਂ ਦੇ ਬੋਰਡ ਦੀਆਂ ਲਗਾਤਾਰ ਤਿੰਨ ਮੀਟਿੰਗਾਂ ਤੋਂ ਗੈਰਹਾਜ਼ਰ ਰਹਿੰਦਾ ਹੈ ਤਾਂ ਉਸ ਨੂੰ ਬੋਰਡ ਦੁਆਰਾ ਬੋਰਡ ਦੀ ਮੈਂਬਰਸ਼ਿਪ ਤੋਂ ਹਟਾਇਆ ਜਾ ਸਕਦਾ ਹੈ।

38. ਬੋਰਡ ਦੀਆਂ ਸ਼ਕਤੀਆਂ ਅਤੇ ਕਰਤੱਵ ਇਹ ਹੋਣਗੇ :-

(i) ਬੋਰਡ ਦੇ ਪ੍ਰੈਜੀਡੈਂਟ ਅਤੇ ਵਾਇਸ ਪ੍ਰੈਜੀਡੈਂਟ ਨੂੰ ਚੁਣਨਾ;

(ii) ਕੱਟ ਦਿੱਤੀ ਗਈ।

(iii) ਰਜਿਸਟਰਾਰ ਦੀ ਅਗੇਤੀ ਮਨਜ਼ੂਰੀ ਲੈ ਕੇ ਸਟੇਟ ਬੈਂਕ ਦੇ ਅਮਲੇ ਦੀ ਨਫਰੀ ਨੂੰ ਮਨਜ਼ੂਰ ਕਰਨਾ।

(iv) ਮੈਨੇਜਿੰਗ ਡਾਇਰੈਕਟਰ ਨੂੰ ਸਟੇਟ ਬੈਂਕ ਦੀ ਜਨਰਲ ਬਾਡੀ ਦੀ ਬੈਠਕ ਬੁਲਾਉਣ ਲਈ ਹਦਾਇਤਾਂ ਦੇਣਾ ਅਤੇ ਆਮ ਇਜਲਾਸ (ਜਨਰਲ ਬਾਡੀ)



ਵਿੱਚ ਸਾਲਾਨਾ ਰਿਪੋਰਟ ਅਤੇ ਬੈਲੰਸ-ਸ਼ੀਟ ਪੇਸ਼ ਕਰਨਾ।

(v) ਢੁੱਕਵੀਆਂ ਥਾਵਾਂ ਤੇ ਬ੍ਰਾਂਚ ਦਫਤਰ ਖੋਲ੍ਹਣਾ ਅਤੇ ਇਨ੍ਹਾਂ ਦਾ ਅਧਿਕਾਰ ਖੇਤਰ ਨਿਸ਼ਚਿਤ ਕਰਨਾ। ਬੋਰਡ ਕਿਸੇ ਵਿਸ਼ੇਸ਼ ਮੰਤਵ ਲਈ ਵੱਧ ਤੋਂ ਵੱਧ ਤਿੰਨ ਡਾਇਰੈਕਟਰਾਂ ਦੀ ਇਕ ਸਬ ਕਮੇਟੀ ਗਠਿਤ ਕਰ ਸਕਦਾ ਹੈ, ਜਿਨ੍ਹਾਂ ਵਿਚੋਂ ਇਕ ਮੈਨੇਜਿੰਗ ਡਾਇਰੈਕਟਰ ਹੋਵੇਗਾ।

(vi) ਇਨ੍ਹਾਂ ਬਾਈਲਾਜ਼ ਦੇ ਉਪਬੰਧਾਂ ਦੇ ਅਨੁਕੂਲ ਅਤੇ ਰਜਿਸਟਰਾਰ ਦੀ ਅਗੇਤੀ ਪ੍ਰਵਾਨਗੀ ਨਾਲ ਸਟੇਟ ਬੈਂਕ ਦੇ ਕਾਰੋਬਾਰ ਅਤੇ ਵਰਕਿੰਗ ਨੂੰ ਚਲਾਉਣ ਲਈ ਨਿਯਮ ਬਣਾਉਣਾ ਅਤੇ ਉਨ੍ਹਾਂ ਵਿੱਚ ਅੱਗੋਂ ਸੋਧ ਕਰਨਾ।

(vii) ਸਟੇਟ ਬੈਂਕ ਦੇ ਕਿਸੇ ਵੀ ਹੋਰ ਅਫਸਰ ਨੂੰ ਸ਼ਕਤੀਆਂ ਅਤੇ ਕਰਤੱਵ ਸੌਂਪਣਾ ਪ੍ਰੰਤੂ ਅਜਿਹਾ ਅਫਸਰ ਮੈਨੇਜਿੰਗ ਡਾਇਰੈਕਟਰ ਦੇ ਅਹੁਦੇ ਤੋਂ ਘੱਟ ਨਹੀਂ ਹੋਵੇਗਾ। ਅਜਿਹੀਆਂ ਸੌਂਪੀਆਂ ਗਈਆਂ ਸ਼ਕਤੀਆਂ ਅਤੇ ਕਰਤੱਵ ਮੈਨੇਜਿੰਗ ਡਾਇਰੈਕਟਰ ਦੀ ਨਿਗਰਾਨੀ ਅਤੇ ਕੰਟਰੋਲ ਅਧੀਨ ਹੋਣਗੇ।

(viii) ਸਹਿਕਾਰੀ ਵਿੱਤੀ ਸੰਸਥਾਵਾਂ ਜਾਂ ਅਜਿਹੀਆਂ ਹੋਰ ਸੰਸਥਾਵਾਂ ਜਿਹੜੀਆਂ ਖੇਤੀਬਾੜੀ ਨਾਲ ਸਬੰਧਤ ਹੋਣ, ਦੇ ਸ਼ੇਅਰ ਖਰੀਦਣਾ ਅਤੇ ਅਜਿਹੀਆਂ ਸੰਸਥਾਵਾਂ ਨਾਲ ਸਬੰਧਤ ਮਾਮਲਿਆਂ ਅਤੇ ਮੀਟਿੰਗਾਂ ਦੀ ਪ੍ਰਤੀਨਿਧਤਾ ਕਰਨ ਲਈ ਡਾਇਰੈਕਟਰ ਨਿਯੁਕਤ ਕਰਨਾ। ਬਸ਼ਰਤੇ ਕਿ 5000/- ਰੁਪਏ ਤੋਂ ਵੱਧ ਦੀ ਕੀਮਤ ਦੇ ਸ਼ੇਅਰਾਂ ਦੀ ਖਰੀਦ ਰਜਿਸਟਰਾਰ ਸਹਿਕਾਰੀ ਸਭਾਵਾਂ (ਆਰ. ਸੀ. ਐਸ.) ਦੀ ਪ੍ਰਵਾਨਗੀ ਨਾਲ ਕੀਤੀ ਜਾਵੇਗੀ।

(ix) ਪ੍ਰਾਇਮਰੀ ਕੋਆਪ੍ਰੇਟਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕਰਨਾ। ਇਹ ਹਦਾਇਤਾਂ ਇਨ੍ਹਾਂ ਬੈਂਕਾਂ ਦੇ ਕਾਰੋਬਾਰ ਨਾਲ ਸਬੰਧਤ ਬਾਈਲਾਜ਼ ਦੇ ਉਲਟ ਨਹੀਂ ਹੋਣਗੀਆਂ।

(x) ਡਿਬੈਂਚਰਾਂ ਅਤੇ ਇਨ੍ਹਾਂ ਬਾਈਲਾਜ਼ ਦੁਆਰਾ ਇਜ਼ਾਜਤ ਦਿੱਤੇ ਗਏ ਹੋਰ ਸਾਧਨਾਂ ਰਾਹੀਂ ਫੰਡ ਇਕੱਠੇ ਕਰਨਾ।

(xi) ਕਾਨੂੰਨੀ ਦਾਅਵੇ (ਟਾਈਟਲ) ਦੀ ਪੜਤਾਲ ਕਰਨ ਲਈ ਨਿਯਮ ਬਣਾਉਣਾ ਅਤੇ ਪ੍ਰਾਇਮਰੀ ਕੋਆਪ੍ਰੇਟਿਵ ਐਗਰੀਕਲਚਰਲ

ਡਿਵੈਲਪਮੈਂਟ ਬੈਂਕ ਦੇ ਰਹਿਣਨਾਮੇ ਵਿੱਚ ਵਰਣਿਤ ਸੰਪਤੀ ਦੀ ਬਜਾਰੀ ਕੀਮਤ ਅਤੇ ਪੈਦਾਵਾਰੀ ਸਮਰੱਥਾ ਦਾ ਆਰਭਿੰਕ ਅਤੇ ਨਿਯਮਤਕਾਲੀ ਅਨੁਮਾਨਤ ਲਗਾਉਣ ਲਈ ਮਿਆਰਾਂ ਅਤੇ ਮੁੱਖ ਸਿਧਾਂਤਾਂ ਨੂੰ ਨਿਸ਼ਚਿਤ ਕਰਨਾ ਅਤੇ ਰਜਿਸਟਰਾਰ ਦੀ ਅਗੇਤੀ ਪ੍ਰਵਾਨਗੀ ਅਧੀਨ ਪ੍ਰਾਇਮਰੀ ਕੋਆਪ੍ਰੇਟਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕ ਦੁਆਰਾ ਸਟੇਟ ਬੈਂਕ ਨੂੰ ਗਹਿਣੇ ਕੀਤੀਆਂ ਜਾਣ ਵਾਲੀਆਂ ਸੰਪਤੀਆਂ ਸਬੰਧੀ ਉਸੇ ਦਿਸ਼ਾ ਵਿੱਚ ਨਿਯਮ ਬਣਾਉਣਾ।

(xii) ਕੋਆਪ੍ਰੇਟਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕਸ ਐਕਟ, 1957 ਦੇ ਆਧਿਆਏ- (iv) ਅਤੇ (v) ਅਤੇ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਅਧੀਨ ਦਿੱਤੇ ਗਏ ਕਰਜਿਆਂ ਦੀ ਵਸੂਲੀ ਲਈ ਕਾਰਵਾਈ ਕਰਨਾ।

(xiii) ਕਿਸੇ ਡਾਇਰੈਕਟਰ ਦਾ ਅਸਤੀਫਾ ਸਵੀਕਾਰ ਕਰਨਾ ਜਾਂ ਰੱਦ ਕਰਨਾ।

(xiv) ਰਜਿਸਟਰਾਰ ਦੀ ਪ੍ਰਵਾਨਗੀ ਨਾਲ ਕਿਸੇ ਡਾਇਰੈਕਟਰ ਨੂੰ ਅਦਾਇਗੀਯੋਗ ਸਫਰ ਅਤੇ ਰੋਜ਼ਾਨਾ ਭੱਤਿਆਂ ਦੀਆਂ ਦਰਾਂ ਨਿਸ਼ਚਿਤ ਕਰਨਾ।

(xv) ਕੱਟ ਦਿੱਤਾ ਗਿਆ।

(xvi) ਅਜਿਹੀਆਂ ਅਣ-ਵੰਡੀਆਂ (ਰੈਜੀਡਿਊਅਰੀ) ਸ਼ਕਤੀਆਂ ਦੀ ਵਰਤੋਂ ਕਰਨਾ ਅਤੇ ਉਹ ਸਾਰੇ ਕਰਤੱਵ ਨਿਭਾਉਣਾ ਜੋ ਕਿਸੇ ਅਥਾਰਟੀ ਨੂੰ ਵਿਸ਼ੇਸ਼ ਤੌਰ ਤੇ ਨਾ ਸੌਂਪੇ ਗਏ ਹੋਣ।

(xvii) ਭਾਰਤੀ ਦੂਤਾਂ (ਐਮਬੈਸੇਡਰਾਂ) ਅਤੇ ਚਾਰਜ-ਡੀ ਅਫੇਅਰਜ਼ ਅਤੇ ਵਿਦੇਸ਼ਾ ਵਿਚ ਮਿਸ਼ਨ ਦੇ ਹੋਰਨਾਂ ਮੈਂਬਰਾਂ ਨੂੰ ਆਪਣੇ ਵੱਲੋਂ ਬਾਹਰਲੇ ਮੁਲਕਾਂ ਅਤੇ ਅੰਤਰ ਰਾਸ਼ਟਰੀ ਸੰਸਥਾਵਾਂ ਨਾਲ ਇਕਰਾਰਨਾਮਿਆਂ ਅਤੇ ਹੋਰ ਸਬੰਧਤ ਦਸਤਾਵੇਜ਼ਾਂ ਤੇ ਕਾਰਵਾਈ ਕਰਨ ਅਤੇ ਦਸਤਖਤ ਕਰਨ ਦਾ ਅਧਿਕਾਰ ਦੇਣਾ।

39. ਕੱਟ ਦਿੱਤਾ ਗਿਆ।

ੳ) ਕੱਟ ਦਿੱਤਾ ਗਿਆ



ਅ) ਕੱਟ ਦਿੱਤਾ ਗਿਆ

40. ਕੱਟ ਦਿੱਤਾ ਗਿਆ।

41. ਕੱਟ ਦਿੱਤਾ ਗਿਆ

ੳ) ਕੱਟ ਦਿੱਤਾ ਗਿਆ

42. ਕੱਟ ਦਿੱਤਾ ਗਿਆ।

## ਮੈਨੇਜਿੰਗ ਡਾਇਰੈਕਟਰ

43. ਸਟੇਟ ਬੈਂਕ ਦਾ ਮੈਨੇਜਿੰਗ ਡਾਇਰੈਕਟਰ ਇਸ ਦਾ ਪ੍ਰਮੁੱਖ ਕਾਰਜਕਾਰੀ ਅਫਸਰ ਹੋਵੇਗਾ ਅਤੇ ਸਟੇਟ ਬੈਂਕ ਦੇ ਕਰਮਚਾਰੀ ਉਸ ਦੀ ਨਿਗਰਾਨੀ ਅਤੇ ਕੰਟਰੋਲ ਅਧੀਨ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਨਗੇ ਅਤੇ ਕਰਤੱਵ ਨਿਭਾਉਣਗੇ। ਮੈਨੇਜਿੰਗ ਡਾਇਰੈਕਟਰ ਕਮੇਟੀ ਦੀ ਸਮੁੱਚੀ ਨਿਗਰਾਨੀ ਅਤੇ ਕੰਟਰੋਲ ਅਧੀਨ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਕਰਤੱਵ ਨਿਭਾਵੇਗਾ।

ਸਟੇਟ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਦੀਆਂ ਨਿਮਨਲਿਖਤ ਸ਼ਕਤੀਆਂ ਅਤੇ ਕਰਤੱਵ ਹੋਣਗੇ :-

(i) ਸਟੇਟ ਬੈਂਕ ਦੇ ਮਾਮਲਿਆਂ ਦਾ ਸਾਧਾਰਨ ਤੌਰ ਤੇ ਪ੍ਰਸ਼ਾਸਨ ਕਰਨਾ;

(ii) ਸਟੇਟ ਬੈਂਕ ਦੇ ਕਰਮਚਾਰੀਆਂ ਦੇ ਕੰਮ ਦੀ ਨਿਗਰਾਨੀ ਅਤੇ ਕੰਟਰੋਲ ਕਰਨਾ;

(iii) ਸਹੀ ਰਿਕਾਰਡ ਰੱਖਣੇ ਅਤੇ ਲੇਖੇ ਤਿਆਰ ਕਰਨ ਦਾ ਪ੍ਰਬੰਧ ਕਰਨਾ;

(iv) ਜਮ੍ਹਾਂ ਕਰਵਾਈਆਂ ਗਈਆਂ ਰਕਮਾਂ (ਡਿਪਾਜਿਟਸ) ਪ੍ਰਾਪਤ ਕਰਨਾ ਅਤੇ ਰਸੀਦਾਂ ਜਾਰੀ ਕਰਨਾ ਅਤੇ ਸਟੇਟ ਬੈਂਕ ਵਲੋਂ ਦੇਣੀਆਂ ਬਣਦੀਆਂ ਰਕਮਾਂ ਦੀ ਅਦਾਇਗੀ ਕਰਨਾ;

(v) ਸਟੇਟ ਬੈਂਕ ਵਲੋਂ ਦਸਤਖਤ ਕਰਨਾ ਅਤੇ ਇਸ ਵਲੋਂ ਪੱਤਰ-ਵਿਹਾਰ ਕਰਨਾ;

(vi) ਸਟੇਟ ਬੈਂਕ ਦੀਆਂ ਬਹੀਆਂ (ਬੁਕਸ) ਵਿਚ ਕੀਤੇ ਗਏ ਇੰਦਰਾਜਾਂ ਦੀਆਂ ਨਕਲਾਂ ਤਸਦੀਕ ਕਰਨਾ;

(vii) ਸਟੇਟ ਬੈਂਕ ਦੇ ਨਾਂ ਤੇ ਮੁਕੱਦਮਿਆਂ ਦੀ ਪੈਰਵੀ ਕਰਨਾ ਚਾਹੇ ਇਹ ਮੁਕੱਦਮੇ ਇਸ ਵੱਲੋਂ ਹੋਣ ਜਾਂ ਇਸਦੇ ਵਿਰੁੱਧ ਹੋਣ;

(viii) ਰਹਿਣ ਕੀਤੀ ਹੋਈ ਸੰਪਤੀ ਦੇ ਨਰੀਖਣ ਲਈ ਪ੍ਰਬੰਧ ਕਰਨਾ;

(ix) ਸਟੇਟ ਬੈਂਕ ਦੀਆਂ ਸਾਰੀਆਂ ਸੰਪਤੀਆਂ ਨੂੰ ਆਪਣੇ ਕਬਜ਼ੇ ਵਿੱਚ ਰੱਖਣਾ;

(x) ਉਹ ਸਾਰੀਆਂ ਹੋਰ ਡਿਊਟੀਆਂ ਨਿਭਾਉਣਾ ਅਤੇ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰਨਾ ਜੋ ਬੋਰਡ ਦੁਆਰਾ ਉਸ ਨੂੰ ਸੌਂਪੀਆਂ ਜਾਣ;

(xi) ਚੈੱਕਾਂ ਅਤੇ ਹੋਰ ਸਮਝੋਤਾ (ਨੈਗੋਸ਼ੀਏਬਲ) ਲਿਖਤਾਂ ਤੇ ਦਸਤਖਤ ਕਰਨਾ, ਤਸਦੀਕ ਕਰਨਾ ਅਤੇ ਨਿਪਟਾਰਾ ਕਰਨਾ;

(xii) ਸਟੇਟ ਬੈਂਕ ਵਿੱਚ ਕੰਮ ਕਰ ਰਹੇ ਕਿਸੇ ਵੀ ਕਰਮਚਾਰੀ ਨੂੰ ਆਪਣੀਆਂ ਸ਼ਕਤੀਆਂ ਅਤੇ ਕਰਤੱਵ ਸੌਂਪਣਾ;

(xiii) ਬੈਂਕ ਵਲੋਂ ਦੇਣੀਆਂ ਬਣਦੀਆਂ ਰਕਮਾਂ ਦੀ ਅਦਾਇਗੀ ਕਰਨਾ;

(xiv) ਬਾਈਲਾਜ 36 (ੳ) ਅਤੇ 46 ਅਧੀਨ ਜਨਰਲ ਬਾਡੀ ਅਤੇ ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ ਦਾ ਪ੍ਰਬੰਧ ਕਰਨਾ, ਬੁਲਾਉਣਾ ਅਤੇ ਉਸ ਵਿੱਚ ਸ਼ਾਮਲ ਹੋਣਾ;

(xv) ਬੈਂਕ ਦੇ ਲਈ ਅਤੇ ਬੈਂਕ ਵਲੋਂ ਚੈੱਕ, ਪੇਮੈਂਟ ਆਰਡਰ ਬਣਾਉਣਾ, ਕੱਢਵਾਉਣਾ, ਸਵੀਕਾਰ ਕਰਨਾ, ਤਸਦੀਕ ਕਰਨਾ ਅਤੇ ਲਾਗੂ ਕਰਨਾ, ਤਾਰ ਅਤੇ ਡਾਕ ਰਾਹੀਂ ਭੇਜੀਆਂ ਰਕਮਾਂ ਕੱਢਵਾਉਣਾ, ਸਵੀਕਾਰ ਕਰਨਾ, ਤਸਦੀਕ ਕਰਨਾ ਅਤੇ ਲਾਗੂ ਕਰਨਾ, ਫਿਕਸਡ ਡਿਪਾਜਿਟ ਰਿਸੀਟ ਕੱਢਵਾਉਣਾ, ਡਰਾਫਟ ਬਣਾਉਣਾ, ਕੱਢਵਾਉਣਾ, ਸਵੀਕਾਰ ਕਰਨਾ, ਤਸਦੀਕ ਕਰਨਾ ਅਤੇ ਲਾਗੂ ਕਰਨਾ, ਰੇਲਵੇ ਪ੍ਰਾਪਤੀਆਂ ਨੂੰ ਕੱਢਵਾਉਣਾ, ਸਵੀਕਾਰ ਕਰਨਾ, ਤਸਦੀਕ ਕਰਨਾ ਅਤੇ ਲਾਗੂ ਕਰਨਾ ਅਤੇ ਲਿਖਤਾਂ ਬਣਾਉਣਾ;

(xvi) ਰਿਜਰਵ ਬੈਂਕ ਆਫ ਇੰਡੀਆ, ਸਟੇਟ ਕੋਆਪ੍ਰੇਟਿਵ ਬੈਂਕ, ਸਟੇਟ ਬੈਂਕ ਆਫ ਇੰਡੀਆਂ, ਸੈਂਟਰਲ ਕੋਆਪ੍ਰੇਟਿਵ ਬੈਂਕ ਅਤੇ ਅਜਿਹੀਆਂ ਹੋਰ ਬੈਂਕਾਂ



ਵਿਚ ਬੈਂਕ ਦੇ ਨਾਂ ਤੇ ਖਾਤੇ ਖੋਲ੍ਹਣਾ ਜਿਵੇਂ ਇਨ੍ਹਾਂ ਖਾਤਿਆਂ ਨੂੰ ਖੋਲ੍ਹਣਾ ਲਾਹੇਵੰਦ ਸਮਝਿਆ ਜਾਵੇ।

(xvii) ਬੈਂਕ ਵਲੋਂ ਵਾਧੂ ਫੰਡਾਂ ਨੂੰ ਨਿਵੇਸ਼ ਕਰਨਾ, ਸਰਕਾਰੀ ਪਰਨੋਟਾਂ ਅਤੇ ਸਕਿਉਰਟੀਆਂ ਨੂੰ ਮੁਕਤ (ਡਿਸਚਾਰਜ) ਕਰਨਾ, ਖਰੀਦਣਾ, ਵੇਚਣਾ ਅਤੇ ਉਨ੍ਹਾਂ ਤੇ ਵਿਆਜ ਪ੍ਰਾਪਤ ਕਰਨਾ;

(xviii) ਰਜਿਸਟਰਾਰ ਸਹਿਕਾਰੀ ਸਭਾਵਾਂ ਵਲੋਂ ਮਨਜੂਰਸ਼ੁਦਾ ਸੇਵਾ ਨਿਯਮਾਂ ਅਨੁਸਾਰ ਕਰਮਚਾਰੀ ਨਿਯੁਕਤ ਕਰਨਾ, ਮੁਅੱਤਲ ਕਰਨਾ ਜਾਂ ਸੱਜਾ ਦੇਣਾ;

(xix) ਕੱਟ ਦਿੱਤਾ ਗਿਆ।

(xx) ਕਾਮਨ ਕੇਡਰ (ਕਰਮਚਾਰੀਆਂ ਦੇ ਸਾਂਝੇ ਵਰਗ) ਵਿਚ ਕਿਸੇ ਕਰਮਚਾਰੀ ਅਤੇ ਸਟੇਟ ਐਗਰੀਕਲਚਰਲ ਡਿਵੈਲਪਮੈਂਟ ਬੈਂਕ ਦੇ ਕਿਸੇ ਕਰਮਚਾਰੀ ਦੀ ਬਦਲੀ ਕਰਨਾ;

(xxi) ਨਵੇਂ ਮੈਂਬਰਾਂ ਨੂੰ ਸ਼ਾਮਲ ਕਰਨਾ ਅਤੇ ਸ਼ੇਅਰ ਅਲਾਟ ਕਰਨਾ;

(xxii) ਸਟੇਟ ਬੈਂਕ ਦੇ ਮੈਂਬਰਾਂ ਨੂੰ ਕਰਜ਼ਾ ਦੇਣਾ;

(xxiii) ਸਟੇਟ ਬੈਂਕ ਵਲੋਂ ਜਾਂ ਇਸ ਦੇ ਵਿਰੁੱਧ ਕਿਸੇ ਕਾਨੂੰਨੀ ਕਾਰਵਾਈ ਜਾਂ ਦਾਅਵਿਆਂ ਨੂੰ ਆਰੰਭ ਕਰਨਾ, ਚਲਾਉਣਾ, ਪੈਰਵੀ ਕਰਨਾ, ਸਮਝੌਤਾ ਕਰਨਾ, ਸਾਲਸੀ ਨੂੰ ਸੌਂਪਣਾ ਜਾਂ ਛੱਡਣਾ;

(xxiv) ਸਟੇਟ ਬੈਂਕ ਨਾਲ ਸਬੰਧਤ ਆਡਿਟ ਦੇ ਮੁਆਇਨੇ ਵਿੱਚ ਸ਼ਾਮਲ ਸੁਝਾਵਾਂ ਅਤੇ ਹਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ;

(xxv) ਕੇਂਦਰੀ ਸਰਕਾਰ ਜਾਂ ਸੰਘ ਭਾਰਤ ਦੀਆਂ ਰਾਜ ਸਰਕਾਰਾਂ ਦੁਆਰਾ ਜਾਰੀ ਕੀਤੀਆਂ ਗਈਆਂ ਸਿਕਿਊਰਟੀਜ਼ ਅਤੇ ਸਾਰੀਆਂ ਹੋਰ ਸਹਿਕਾਰੀ ਸੰਸਥਾਵਾਂ ਵੱਲੋਂ ਇੰਡੀਅਨ ਟਰੱਸਟਸ ਐਕਟ, 1882 ਦੀ ਧਾਰਾ 20 ਵਿੱਚ ਨਿਸ਼ਚਿਤ ਕੀਤੀਆਂ ਗਈਆਂ ਹੋਰ ਸਿਕਿਊਰਟੀਜ਼ ਨੂੰ ਖਰੀਦਣਾ,

ਵੇਚਣਾ, ਤਸਦੀਕ ਕਰਨਾ, ਸਪੁਰਦ ਕਰਨਾ, ਗਿਰਵੀ ਕਰਨਾ ਜਾਂ ਨਿਪਟਾਰਾ ਕਰਨਾ ਅਤੇ ਬੈਂਕ ਦੇ ਕਿਸੇ ਅਫਸਰ ਜਾਂ ਅਫਸਰਾਂ ਨੂੰ ਇਸ ਸਬੰਧੀ ਅਧਿਕਾਰ ਦੇਣਾ ਅਤੇ ਬੈਂਕ ਦੁਆਰਾ ਰੱਖੀਆਂ ਜਾਂ ਇਸ ਨੂੰ ਰਹਿਣ ਕੀਤੀਆਂ ਗਈਆਂ ਸਿਕਿਉਰਟੀਜ਼ ਨੂੰ ਰੱਖਣ ਦਾ ਪ੍ਰਬੰਧ ਕਰਨਾ।

(xxvi) ਸ਼ੇਅਰਾਂ ਅਤੇ ਰਿਣ-ਪੱਤਰਾਂ (ਡਿਬੈਂਚਰਜ਼) ਦੀ ਹੱਥ ਬਦਲੀ ਨੂੰ ਪ੍ਰਵਾਨਗੀ ਦੇਣਾ।

(xxvii) ਪ੍ਰਾਇਮਰੀ ਕੋਆਪ੍ਰੇਟਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕ ਦੁਆਰਾ ਮਨਜੂਰ ਕੀਤੇ ਗਏ ਕਰਜਿਆਂ ਨੂੰ ਪ੍ਰਵਾਨਗੀ ਦੇਣਾ;

(xxviii) ਵੱਖ ਵੱਖ ਸੰਸਥਾਵਾਂ/ਅਦਾਰਿਆਂ ਤੋਂ ਕਰਜ਼ੇ ਲੈਣਾ;

(xxix) ਬੋਰਡ ਆਫ ਡਾਇਰੈਕਟਰਜ਼ ਦੁਆਰਾ ਮਨਜੂਰਸ਼ੁਦਾ ਸਮੁੱਚੇ ਸਾਲਾਨਾ ਖਰਚਾ ਬਜਟ ਦੇ ਅੰਦਰ ਅੰਦਰ ਫੁੱਟਕਲ ਖਰਚੇ ਅਤੇ ਹੋਰ ਸਾਰੀਆਂ ਮੱਦਾਂ ਤੇ ਕੋਈ ਖਰਚਾ ਕਰਨਾ। ਪਰ ਕਿਸੇ ਫੌਰੀ (ਐਮਰਜੈਂਸੀ) ਲੋੜ ਪੈ ਜਾਣ ਦੀ ਸੂਰਤ ਵਿੱਚ ਮੈਨੇਜਿੰਗ ਡਾਇਰੈਕਟਰ ਬੋਰਡ ਦੀ ਪੂਰਵ ਅਨੁਮਾਨਤ ਪਰਵਾਨਗੀ ਅਧੀਨ ਕਿਸੇ ਸਮੇਂ ਤਿੰਨ ਲੱਖ ਰੁਪਏ ਤੱਕ ਦਾ ਖਰਚਾ ਕਰ ਸਕਦਾ ਹੈ।

44. ਮੈਨੇਜਿੰਗ ਡਾਇਰੈਕਟਰ ਦੀ ਗੈਰਹਾਜ਼ਰੀ ਵਿੱਚ ਉਸ ਨੂੰ ਬਾਈਲਾਜ 9, 12 ਅਤੇ 26 ਵਿੱਚ ਨਿਸ਼ਚਿਤ ਸੌਂਪੀਆਂ ਗਈਆਂ ਸ਼ਕਤੀਆਂ ਅਤੇ ਕਰਤੱਵ ਬੋਰਡ ਦੁਆਰਾ ਸਟੇਟ ਬੈਂਕ ਦੇ ਕਿਸੇ ਹੋਰ ਅਫਸਰ/ਅਫਸਰਾਂ ਨੂੰ ਸੌਂਪੇ ਜਾ ਸਕਦੇ ਹਨ।

## ਜਨਰਲ ਬਾਡੀ :

45. ਸਟੇਟ ਬੈਂਕ ਦੀ ਜਨਰਲ ਬਾਡੀ ਵਿਚ ਨਿਮਨਲਿਖਤ ਸ਼ਾਮਲ ਹੋਣਗੇ:-

(ਜ) ਸਟੇਟ ਬੈਂਕ ਅਤੇ ਸਟੇਟ ਕੋਆਪ੍ਰੇਟਿਵ ਬੈਂਕ ਦੇ ਪ੍ਰਤੀਨਿਧ;

(i) ਰਜਿਸਟਰਾਰ ਜਾਂ ਉਸਦਾ ਨੁਮਾਇੰਦਾ;

(ii) ਹਰ ਇਕ ਮੈਂਬਰ ਬੈਂਕ ਦਾ ਇਕ ਪ੍ਰਤੀਨਿਧ।



46. ਬੈਂਕ ਦੀ ਜਨਰਲ ਬਾਡੀ ਦਾ ਇਜਲਾਸ ਸਾਲ ਵਿੱਚ ਘੱਟੋ ਘੱਟ ਇਕ ਵਾਰੀ ਜਰੂਰ ਬੁਲਾਇਆ ਜਾਵੇਗਾ। ਜਨਰਲ ਬਾਡੀ ਦਾ ਆਮ ਇਜਲਾਸ ਮੈਨੇਜਿੰਗ ਡਾਇਰੈਕਟਰ ਦੁਆਰਾ ਬੋਰਡ ਦੀ ਹਦਾਇਤ ਤੇ ਬੁਲਾਇਆ ਜਾ ਸਕਦਾ ਹੈ। ਬੋਰਡ ਦੁਆਰਾ ਬੈਂਕ ਦੀ ਜਨਰਲ ਬਾਡੀ ਦੀ ਵਿਸ਼ੇਸ਼ ਮੀਟਿੰਗ ਵੀ ਇਸ ਦੇ ਕੁੱਲ ਮੈਂਬਰਾਂ ਦੀ ਪੰਜਵਾਂ ਹਿੱਸਾ ਗਿਣਤੀ ਦੇ ਬਰਾਬਰ ਮੈਂਬਰਾਂ ਵਲੋਂ ਮੰਗ ਕਰਨ ਤੇ ਬੁਲਾਈ ਜਾ ਸਕਦੀ ਹੈ। ਜੇਕਰ ਬੋਰਡ ਅਜਿਹੀ ਮੰਗ ਦੀ ਪ੍ਰਾਪਤੀ ਤੇ ਵਾਜਬ ਸਮੇਂ ਦੇ ਅੰਦਰ ਇਜਲਾਸ ਨਹੀਂ ਬੁਲਾਉਂਦਾ, ਤਾਂ ਅਜਿਹੀ ਮੰਗ ਦੀ ਦਰਖਾਸਤ ਤੇ ਦਸਤਖਤ ਕਰਨ ਵਾਲੇ ਮੈਂਬਰ ਇਸ ਮਾਮਲੇ ਨੂੰ ਰਜਿਸਟਰਾਰ ਨੂੰ ਸੌਂਪ ਸਕਦੇ ਹਨ ਜੇਕਰ ਉਹ ਠੀਕ ਸਮਝੇ ਤਾਂ ਆਮ ਇਜਲਾਸ ਬੁਲਾ ਸਕਦਾ ਹੈ।

47. ਘੱਟੋ ਘੱਟ ਪੰਦਰਾਂ ਦਿਨਾਂ ਦਾ ਨੋਟਿਸ ਜਿਸ ਵਿਚ ਆਮ ਇਜਲਾਸ ਦੀ ਮਿਤੀ, ਜਗ੍ਹਾ ਅਤੇ ਏਜੰਡਾਂ ਦਰਸਾਇਆ ਗਿਆ ਹੋਵੇ ਨਿਮਨਲਿਖਤ ਨੂੰ ਭੇਜਿਆ ਜਾਵੇਗਾ :-

(i) ਰਾਜ ਸਰਕਾਰ ਅਤੇ ਸਟੇਟ ਕੋਆਪ੍ਰੇਟਿਵ ਬੈਂਕ ਦੇ ਪ੍ਰਤੀਨਿਧ;

(ii) ਰਜਿਸਟਰਾਰ ਜਾਂ ਉਸ ਦਾ ਨੁਮਾਇੰਦਾ;

(iii) ਮੈਂਬਰ ਪ੍ਰਾਇਮਰੀ ਕੋਆਪ੍ਰੇਟਿਵ ਐਗਰੀਕਲਚਰਲ ਬੈਂਕਸ।

ਜਨਰਲ ਬਾਡੀ ਦੇ ਆਮ ਇਜਲਾਸ ਦਾ ਨੋਟਿਸ ਪੋਸਟਲ ਸਰਟੀਫਿਕੇਟਾਂ ਅਧੀਨ ਡਾਕ ਰਾਹੀਂ ਭੇਜਿਆ ਜਾਵੇਗਾ। ਜਨਰਲ ਬਾਡੀ ਦੀ ਬੈਠਕ ਲਈ ਕੋਰਮ ਉਹੀ ਹੋਵੇਗਾ ਜਿਵੇਂ ਪੰਜਾਬ ਸਹਿਕਾਰੀ ਸਭਾਵਾਂ ਨਿਯਮਾਵਲੀ ਵਿਚ ਉਪਬੰਧਤ ਹੋਵੇ। ਜੇਕਰ ਜਨਰਲ ਬਾਡੀ ਦੀ ਬੈਠਕ ਲਈ ਨਿਸ਼ਚਿਤ ਕੀਤੇ ਗਏ ਸਮੇਂ ਤੋਂ ਇਕ ਘੰਟਾ ਬਾਅਦ ਕੋਰਮ ਪੂਰਾ ਨਹੀਂ ਹੁੰਦਾ ਤਾਂ ਮੀਟਿੰਗ ਦਾ ਸਭਾਪਤੀ ਜਨਰਲ ਬਾਡੀ ਦੀ ਬੈਠਕ ਸਥੱਗਤ ਕਰ ਦੇਵੇਗਾ। ਜੇਕਰ ਮੈਂਬਰਾਂ ਦੁਆਰਾ ਮੰਗ ਕਰਨ ਤੇ ਮੀਟਿੰਗ ਬੁਲਾਈ ਗਈ ਹੋਵੇ, ਤਾਂ ਫਿਰ ਇਸੇ ਮੰਗ ਤੇ ਜਨਰਲ ਬਾਡੀ ਦੀ ਮੀਟਿੰਗ ਦੁਬਾਰਾ ਨਹੀਂ ਬੁਲਾਈ ਜਾਵੇਗੀ। ਜੇਕਰ ਜਨਰਲ ਬਾਡੀ ਦੀ ਬੈਠਕ ਮੰਗ ਕੀਤੇ ਜਾਣ ਤੋਂ ਇਲਾਵਾ ਹੋਰਵੇਂ ਬੁਲਾਈ ਗਈ ਹੋਵੇ ਤਾਂ ਸਭਾਪਤੀ ਕਿਸੇ ਅਗਲੀ

ਮਿਤੀ ਤਕ ਲਈ ਬੈਠਕ ਨੂੰ ਸਥੱਗਤ ਕਰ ਸਕਦਾ ਹੈ। ਲੇਕਿਨ ਨਿਮਨਲਿਖਤ ਨੂੰ ਬਾਅਦ ਦੀ ਮੀਟਿੰਗ ਦਾ ਤਾਜ਼ਾ ਨੋਟਿਸ ਦਿੱਤਾ ਜਾਵੇਗਾ:-

ੳ) ਰਾਜ ਸਰਕਾਰ ਅਤੇ ਸਟੇਟ ਕੋਆਪ੍ਰੇਟਿਵ ਬੈਂਕ ਦੇ ਨੁਮਾਇੰਦੇ;

ਅ) ਰਜਿਸਟਰਾਰ ਜਾਂ ਉਸ ਦਾ ਨੁਮਾਇੰਦਾ;

ੲ) ਮੈਂਬਰ ਪ੍ਰਾਇਮਰੀ ਕੋਆਪ੍ਰੇਟਿਵ ਐਗਰੀਕਲਚਰਲ ਡਿਵੈਲਪਮੈਂਟ ਬੈਂਕ।

ਅਗਲੀ ਆਮ ਬੈਠਕ ਵਿੱਚ ਕਾਰੋਬਾਰ, ਹਾਜਰ ਮੈਂਬਰਾਂ ਦੀ ਨਫਰੀ ਨਾਲ ਕੀਤਾ ਜਾ ਸਕਦਾ ਹੈ।

48. ਪ੍ਰੈਜੀਡੈਂਟ ਜਾਂ ਉਸ ਦੀ ਗੈਰਹਾਜ਼ਰੀ ਦੀ ਸੂਰਤ ਵਿੱਚ ਵਾਇਸ ਪ੍ਰੈਜੀਡੈਂਟ ਆਮ ਮੀਟਿੰਗ ਦੀ ਪ੍ਰਧਾਨਗੀ ਕਰੇਗਾ। ਜਦੋਂ ਉਹ ਦੋਵੇਂ ਹੀ ਹਾਜ਼ਰ ਨਾ ਹੋਣ, ਤਾਂ ਹਾਜ਼ਰ ਮੈਂਬਰ ਆਪਣੇ ਵਿਚੋਂ ਕਿਸੇ ਇਕ ਮੈਂਬਰ ਨੂੰ ਸਭਾਪਤੀ ਚੁਣਨਗੇ।

49. ਜਨਰਲ ਬਾਡੀ ਦੇ ਹਰੇਕ ਪ੍ਰਤੀਨਿਧ ਨੂੰ ਵੋਟ ਦੇਣ ਦਾ ਅਧਿਕਾਰ ਹੋਵੇਗਾ। ਆਮ ਇਜਲਾਸ ਵਿੱਚ ਕਿਸੇ ਦੂਸਰੇ ਦੀ ਥਾਂ ਤੇ (ਪ੍ਰਾਕਸੀ) ਵੋਟ ਦੇਣ ਦੀ ਆਗਿਆ ਨਹੀਂ ਹੋਵੇਗੀ। ਜਿੰਨਾਂ ਚਿਰ ਇਨ੍ਹਾਂ ਬਾਈਲਾਜ਼ ਵਿੱਚ ਹੋਰਵੇਂ ਉਪਬੰਧ ਨਾ ਹੋਣ। ਸਾਰੇ ਮਾਮਲਿਆਂ ਦਾ ਨਿਰਣਾ ਹਾਜ਼ਰ ਮੈਂਬਰਾਂ ਦੀ ਬਹੁਮਤ ਵੋਟ ਰਾਹੀਂ ਕੀਤਾ ਜਾਵੇਗਾ। ਜਦੋਂ ਵੋਟਾਂ ਬਰਾਬਰ ਰਹਿ ਜਾਣ, ਉਦੋਂ ਆਮ ਇਜਲਾਸ ਦੇ ਸਭਾਪਤੀ ਨੂੰ ਨਿਰਣਾਇਕ ਵੋਟ ਦੇਣ ਦਾ ਅਧਿਕਾਰ ਹੋਵੇਗਾ।

50. ਜਿੰਨਾਂ ਚਿਰ ਇਨ੍ਹਾਂ ਬਾਈਲਾਜ਼ ਵਿੱਚ ਹੋਰਵੇਂ ਕੋਈ ਉਪਬੰਧ ਨਾ ਕੀਤਾ ਗਿਆ ਹੋਵੇ, ਸਟੇਟ ਬੈਂਕ ਦੇ ਪ੍ਰਸ਼ਾਸਨ ਸਬੰਧੀ ਸਾਰੇ ਮਾਮਲਿਆਂ ਵਿੱਚ ਅੰਤਿਮ ਅਥਾਰਟੀ ਜਨਰਲ ਬਾਡੀ ਨੂੰ ਨਿਹਿਤ ਹੋਵੇਗੀ।

51. ਪਿਛਲੇ ਉਪ-ਨਿਯਮਾਂ ਦੇ ਆਮ ਉਪਬੰਧਾਂ ਤੇ ਕੋਈ ਉਲਟ ਪ੍ਰਭਾਵ ਪਾਏ ਬਿਨਾਂ, ਮੈਂਬਰਾਂ ਦੀ ਜਨਰਲ ਬਾਡੀ ਦੀਆਂ ਨਿਮਨਲਿਖਤ ਸ਼ਕਤੀਆਂ ਅਤੇ ਕਰਤੱਵ ਇਹ ਹੋਣਗੇ :-

(i) ਰਜਿਸਟਰਾਰ ਦੁਆਰਾ ਬਣਾਏ ਜਾਣ ਵਾਲੇ ਚੋਣ ਦੇ ਨਿਯਮਾਂ ਅਨੁਸਾਰ ਬੋਰਡ ਦੇ ਮੈਂਬਰਾਂ ਦੀ ਚੋਣ ਕਰਨਾ।



(ii) ਸਾਲਾਨਾ ਰਿਪੋਰਟ, ਪ੍ਰਾਪਤੀਆਂ ਅਤੇ ਵੰਡ ਦੇ ਆਡਿਟ ਕੀਤੇ ਵਿਵਰਣ, ਬੈਲੰਸ-ਸ਼ੀਟ ਅਤੇ ਲਾਭ ਅਤੇ ਹਾਨੀ ਦੇ ਲੇਖਿਆਂ ਤੇ ਵਿਚਾਰ ਵਟਾਂਦਰਾ ਕਰਨਾ;

(iii) ਮੁਨਾਫਿਆਂ ਦਾ ਨਿੱਪਟਾਰਾ ਕਰਨਾ;

(iv) ਰਜਿਸਟਰਾਰ ਦੀ ਪ੍ਰਵਾਨਗੀ ਅਧੀਨ ਇਨ੍ਹਾਂ ਉਪ ਨਿਯਮਾਂ ਦੇ ਅਨੁਕੂਲ ਸਟੇਟ ਬੈਂਕ ਦੀ ਉਧਾਰ ਲੈਣ ਦੀ ਵੱਧ ਤੋਂ ਵੱਧ ਸੀਮਾਂ ਨਿਸ਼ਚਿਤ ਕਰਨਾ;

(v) ਬਾਈ-ਲਾਜ਼ ਵਿੱਚ ਸੋਧ ਕਰਨਾ;

(vi) ਬੋਰਡ ਦੇ ਚੁਣੇ ਹੋਏ ਮੈਂਬਰਾਂ ਦੀ ਬਰਖਾਸਤਗੀ;

(vii) ਆਮ ਮੀਟਿੰਗ ਦੇ ਸਭਾਪਤੀ ਦੀ ਆਗਿਆ ਨਾਲ ਕੋਈ ਕੰਮ-ਕਾਰ ਕਰਨਾ;

52. ਬੋਰਡ ਦੇ ਕਿਸੇ ਮੈਂਬਰ ਨੂੰ ਅਹੁਦੇ ਤੋਂ ਹਟਾਉਣ ਲਈ ਜਨਰਲ ਬਾਡੀ ਦਾ ਕੋਈ ਮਤਾ ਉਦੋਂ ਤੱਕ ਵੈਧ ਨਹੀਂ ਹੋਵੇਗਾ ਜਦੋਂ ਤੱਕ ਆਮ ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਦੀ ਬਹੁਮਤ ਵੋਟ ਰਾਹੀਂ ਇਹ ਪ੍ਰਵਾਨ ਨਾ ਕੀਤਾ ਗਿਆ ਹੋਵੇ।

53. ਜਨਰਲ ਬਾਡੀ, ਬੋਰਡ ਆਫ ਡਾਇਰੈਕਟਰਜ਼ ਅਤੇ ਸਬ-ਕਮੇਟੀ ਦੀ ਮੀਟਿੰਗ ਵਿੱਚ ਵਿਚਾਰ-ਵਟਾਂਦਰਾ ਕੀਤੇ ਗਏ ਕੰਮਕਾਰ ਜਾਂ ਲਏ ਗਏ ਨਿਰਣਿਆਂ ਨੂੰ ਕਾਰਵਾਈ ਬੁੱਕ ਵਿੱਚ ਰਿਕਾਰਡ ਕੀਤਾ ਜਾਵੇਗਾ ਜਿਸ ਉਤੇ ਮੀਟਿੰਗ ਦੇ ਸਭਾਪਤੀ ਦੁਆਰਾ ਦਸਤਖਤ ਕੀਤੇ ਜਾਣਗੇ।

## ਮੁਨਾਫਿਆਂ ਦੀ ਵੰਡ :

54. ਸਟੇਟ ਬੈਂਕ ਦੇ ਆਡਿਟ ਕੀਤੀ ਬੈਲੰਸ ਸ਼ੀਟ ਮੁਤਾਬਕ, ਨਿਰੋਲ ਮੁਨਾਫਿਆਂ ਦੀ ਵੰਡ ਨਿਮਨ ਅਨੁਸਾਰ ਕੀਤੀ ਜਾਵੇਗੀ :-

(i) ਘੱਟ ਤੋਂ ਘੱਟ 25 ਪ੍ਰਤੀਸ਼ਤ ਰਿਜ਼ਰਵ ਫੰਡ ਵਿੱਚ ਪਾਇਆ ਜਾਵੇਗਾ;

(ii) ਅਜਿਹਾ ਹਿੱਸਾ ਜੋ ਨਿਰੋਲ ਮੁਨਾਫਿਆਂ ਦੇ 5% ਤੋਂ ਵਧ ਨਾ ਹੋਵੇ, ਜਿਵੇਂ ਰਜਿਸਟਰਾਰ ਦੁਆਰਾ ਨਿਸ਼ਚਿਤ ਕੀਤਾ ਜਾਵੇ, ਰਜਿਸਟਰਾਰ ਦੁਆਰਾ ਸਮੇਂ ਸਮੇਂ ਤੇ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਵਰਤੋਂ ਵਿਚ ਲਿਆਂਦੇ ਜਾਣ ਵਾਲੇ ਸਹਿਕਾਰੀ ਸਿਖਿਆ ਫੰਡ ਵਿੱਚ

ਪਾਇਆ ਜਾਵੇਗਾ;

(iii) ਬਾਕੀ ਦਾ ਫੰਡ ਨਿਮਨਲਿਖਤ ਮੰਤਵਾਂ ਵਿੱਚੋਂ ਕਿਸੇ ਇਕ ਜਾਂ ਵੱਧ ਮੰਤਵਾਂ ਲਈ ਵਰਤੋਂ ਵਿੱਚ ਲਿਆਂਦਾ ਜਾਵੇਗਾ;

ੳ) ਮੈਂਬਰਾਂ ਵਿਚਕਾਰ ਅਜਿਹੀ ਦਰ, ਜਿਸ ਤੇ ਹਰੇਕ ਸ਼ੇਅਰ ਦੀ ਚੁੱਕਤਾ ਕੀਮਤ ਤੇ ਹਾਲ ਹੀ ਵਿੱਚ ਡਿਬੈਂਚਰ ਜਾਰੀ ਕੀਤੇ ਗਏ ਹੋਣ ਤੋਂ ਵੱਧ ਇਕ ਪ੍ਰਤੀਸ਼ਤ ਤੋਂ ਨਾ ਵੱਧ ਦਰ ਤੇ ਲਾਭ ਅੰਸ਼ ਵੰਡਿਆ ਜਾਵੇਗਾ;

ਅ) ਐਸੀ ਰਾਸੀ ਜੋ ਬਾਕੀ ਬਚੇ ਨਿਰੋਲ ਮੁਨਾਫੇ ਦੇ 5% ਤੋਂ ਜਿਆਦਾ ਨਾ ਹੋਵੇ, ਨੂੰ ਜਿਸ ਵਿੱਚੋਂ 1/10 ਨਿਰੋਲ ਮੁਨਾਫਾ ਕਿਸੇ ਸਾਲ ਵਿੱਚ ਰਿਜਰਵ ਫੰਡ ਵਿਖੇ ਰੱਖ ਦਿੱਤਾ ਗਿਆ ਹੋਵੇ, ਉਸ ਨੂੰ ਪੁੰਨਾਰਥੀ ਮੰਤਵ ਦੀ ਸਹਿਕਾਰੀ ਮੂਵਮੈਂਟ ਦੀ ਬਿਹਤਰੀ ਲਈ, ਜਿਵੇਂ ਚੈਰੀਟੇਬਲ ਇੰਡੋਵਮੈਂਟ ਐਕਟ, 1980 ( vi ਆਫ 1890) ਦੀ ਧਾਰਾ 2 ਵਿਖੇ ਪ੍ਰੀਭਾਸ਼ਿਤ ਕੀਤਾ ਗਿਆ ਹੈ, ਜੋ ਰਜਿਸਟਰਾਰ ਦੀ ਪਹਿਲਾਂ ਤੋਂ ਲਈ ਗਈ ਇਜਾਜਤ ਨਾਲ ਯੋਗਦਾਨ ਦਿੱਤਾ ਜਾ ਸਕਦਾ ਹੈ।

ੲ) ਇਨ੍ਹਾਂ ਮੁਨਾਫਿਆਂ ਵਿਚੋਂ ਡੁੱਬੇ ਹੋਏ ਕਰਜ਼ਿਆਂ (ਬੈਡ ਡੈਟਸ) ਲਈ ਰਿਜਰਵ, ਲਾਭ ਅੰਸ਼ ਬਰਾਬਰੀਕਰਣ ਫੰਡ (ਡਿਵੀਡੈਂਡ ਇਕੁਏਲਾਈਜੇਸ਼ਨ ਫੰਡ) ਬਿਲਡਿੰਗ ਫੰਡ, ਟੁੱਟ ਭੱਜ (ਡੈਪ੍ਰੀਸੀਏਸ਼ਨ) ਫੰਡ, ਰਿਣ ਪੱਤਰ ਤੁੜਵਾਈ ਰਿਜਰਵ ਜਾਂ ਸਟੇਟ ਬੈਂਕ ਦੁਆਰਾ ਲੋੜੀਂਦਾ ਕੋਈ ਹੋਰ ਫੰਡ ਕਾਇਮ ਕੀਤਾ ਜਾਵੇਗਾ;

ਸ) ਕਰਮਚਾਰੀਆਂ ਨੂੰ ਬੋਨਸ ਇਸੇ ਵਿਚੋਂ ਦਿੱਤਾ ਜਾਵੇਗਾ।

(iv) ਇਸ ਤੋਂ ਇਲਾਵਾ, ਬਾਕੀ ਬਚਿਆ ਮੁਨਾਫਾ ਰਿਜਰਵ ਫੰਡ ਵਿੱਚ ਪਾਇਆ ਜਾ ਸਕਦਾ ਹੈ ਜਾਂ ਅਗਲੇ ਸਾਲ ਦੇ ਮੁਨਾਫਿਆਂ ਵਿੱਚ ਪਾਉਣ ਲਈ ਰੱਖਿਆ ਜਾ ਸਕਦਾ ਹੈ।

55. ਨਿਰੋਲ ਮੁਨਾਫਿਆਂ ਦੀ ਵੰਡ ਦਾ ਨਿਰਣਾ ਬੋਰਡ ਦੀ ਸਿਫਾਰਸ਼ ਤੇ ਜਨਰਲ ਬਾਡੀ ਦੁਆਰਾ ਕੀਤਾ ਜਾਵੇਗਾ। ਇਹ ਰਜਿਸਟਰਾਰ ਦੀ ਪ੍ਰਵਾਨਗੀ ਅਧੀਨ ਹੋਵੇਗਾ।

**ਬਾਈਲਾਜ਼ ਦੀ ਸੋਧਨਾ :**



56. ਐਕਟ ਅਤੇ ਨਿਯਮਾਂ ਦੇ ਉਪਬੰਧਾਂ ਅਧੀਨ ਇਨ੍ਹਾਂ ਬਾਈਲਾਜ਼ ਦੀ ਸੋਧ ਸਟੇਟ ਬੈਂਕ ਦੇ ਆਮ ਇਜਲਾਸ ਵਿਚ ਪਾਸ ਕੀਤੇ ਗਏ ਮਤੇ ਅਨੁਸਾਰ ਕੀਤੀ ਜਾਵੇਗੀ ਲੇਕਿਨ ਕੀਤੀ ਜਾਣ ਵਾਲੀ ਸੋਧਨਾ ਤੇ ਵਿਚਾਰ ਕਰਨ ਲਈ ਪਹਿਲਾਂ ਬਕਾਇਦਾ ਨੋਟਿਸ ਦਿੱਤਾ ਜਾਵੇਗਾ।

ਪਰ ਇਹ ਕਿ ਅਜਿਹਾ ਕੋਈ ਮਤਾ ਉਦੋਂ ਤੱਕ ਵੈਧ ਨਹੀਂ ਹੋਵੇਗਾ ਜਦੋਂ ਤੱਕ ਇਹ ਆਮ ਇਜਲਾਸ, ਜਿਸ ਵਿੱਚ ਸਟੇਟ ਬੈਂਕ ਦੇ ਘੱਟੋ ਘੱਟ ਦੋ ਤਿਹਾਈ ਮੈਂਬਰਾਂ ਹਾਜ਼ਰ ਨਾ ਹੋਏ ਹੋਣ, ਵਿਚ ਹਾਜ਼ਰ ਮੈਂਬਰਾਂ ਦੇ ਬਹੁਮਤ ਰਾਹੀਂ ਪਾਸ ਨਾ ਕੀਤਾ ਗਿਆ ਹੋਵੇ।

ਪਰ ਹੋਰ ਇਹ ਕਿ ਰਜਿਸਟਰਾਰ ਦੁਆਰਾ ਪਹਿਲਾਂ ਪ੍ਰਵਾਨ ਕੀਤੀਆਂ ਗਈਆਂ ਸੋਧਾਂ ਨੂੰ ਆਮ ਇਜਲਾਸ ਵਿੱਚ ਬਹੁਮਤ ਰਾਹੀਂ ਅਪਣਾਇਆ ਜਾਵੇ। ਇਹ ਸੋਧਾਂ ਰਜਿਸਟਰਾਰ ਦੁਆਰਾ ਰਜਿਸਟਰਡ ਕੀਤੇ ਜਾਣ ਤੋਂ ਬਾਅਦ ਹੀ ਲਾਗੂ ਹੋਣਗੀਆਂ।

**ਫੁੱਟਕਲ :**

57. ਕੱਟ ਦਿੱਤਾ ਗਿਆ।

58. ਕੱਟ ਦਿੱਤਾ ਗਿਆ।

59. ਸਟੇਟ ਬੈਂਕ ਅਜਿਹੇ ਉਪਾਓ ਕਰਨ ਦੇ ਯੋਗ ਹੋਵੇਗੀ ਜੋ ਸਹਿਕਾਰੀ ਸਿਧਾਂਤਾਂ ਦੇ ਵੱਧਣ ਫੁੱਲਣ ਲਈ ਸਹਾਈ ਹੋਣ। ਸਟੇਟ ਬੈਂਕ, ਪੰਜਾਬ ਸਟੇਟ ਕੋਆਪ੍ਰੇਟਿਵ ਡਿਵੈਲਪਮੈਂਟ ਫੈਡਰੇਸ਼ਨ ਲਿਮਟਿਡ (ਪਨਕੋਫੈੱਡ) ਨੂੰ ਅਜਿਹਾ ਯੋਗਦਾਨ (ਪੈਸਾ) ਦੇਵੇਗੀ ਜਿਵੇਂ ਰਜਿਸਟਰਾਰ ਦੁਆਰਾ ਨਿਰਧਾਰਤ ਕੀਤਾ ਜਾਵੇ।

60. ਸਟੇਟ ਬੈਂਕ ਅਜਿਹੀ ਆਡਿਟ ਫੀਸ ਅਦਾ ਕਰੇਗੀ ਜੋ ਅਜਿਹਾ ਕੀਤੇ ਜਾਣ ਲਈ ਸਮਰੱਥ ਅਥਾਰਟੀ ਦੁਆਰਾ ਸਮੇਂ ਸਮੇਂ ਤੇ ਨਿਰਧਾਰਤ ਕੀਤੀ ਜਾਵੇ।

61. ਬੋਰਡ ਦੇ ਮੈਬਰਾਂ ਦੀਆਂ ਸੇਵਾਵਾਂ, ਆਨਰੇਰੀ ਹੋਣਗੀਆਂ ਲਿਕਿੰਨ ਉਨ੍ਹਾਂ ਨੂੰ ਰਜਿਸਟਰਾਰ ਦੁਆਰਾ ਮਨਜੂਰ_ਦਾ ਪੈਮਾਨੇ ਅਨੁਸਾਰ ਸਫਰ ਭੱਤਾ ਅਤੇ ਰੋਜਾਨਾ ਭੱਤਾ ਅਦਾ ਕੀਤਾ ਜਾਵੇਗਾ।

ਪਰੰਤੂ ਪੰਜਾਬ ਸਰਕਾਰ ਵੱਲ ਸਿੱਖਰ ਸਹਿਕਾਰੀ ਸੰਸਥਾਵਾਂ ਦੇ ਚੈਅਰਮੈਨਾਂ ਨੂੰ

ਸਮੇਂ ਸਮੇਂ ਸਿਰ ਦਿਤੀਆਂ ਜਾਣ ਵਾਲੀਆਂ ਸਹੂਲਤਾਂ ਐਸ.ਏ.ਡੀ.ਬੀ. ਦੇ ਬੀ.ਓ.ਡੀ. ਵੱਲੋਂ ਚੁਣੇ ਗਏ ਚੇਅਰਮੈਨ ਨੂੰ ਵੀ ਦਿਤੀਆਂ ਜਾਣਗੀਆਂ।

62. ਸਟੇਟ ਬੈਂਕ ਦੇ ਮਾਮਲਿਆਂ ਨੂੰ ਨਿਪਟਾਉਣ ਲਈ ਬੋਰਡ ਦੇ ਮੈਂਬਰ ਅਤੇ ਸਟੇਟ ਬੈਂਕ ਦੇ ਕਰਮਚਾਰੀ ਇਕ ਸਾਧਾਰਨ ਕਾਰੋਬਾਰੀ ਵਿਅਕਤੀਆਂ ਵੱਲੋਂ ਵਰਤੀ ਜਾਂਦੀ ਸਿਆਣਪ ਵਾਂਗੂੰ ਅਤੇ ਉੱਦਮ ਨਾਲ ਕੰਮ ਕਰਨਗੇ ਅਤੇ ਉਹ ਇਨ੍ਹਾਂ ਬਾਈਲਾਜ਼ ਦੇ ਉਲਟ ਚਲਕੇ ਕੀਤੇ ਕਾਰਜਾਂ ਰਾਹੀਂ ਸਟੇਟ ਬੈਂਕ ਨੂੰ ਪੁਜੇ ਕਿਸੇ ਨੁਕਸਾਨ ਲਈ ਜ਼ਿੰਮੇਂਵਾਰ ਹੋਣਗੇ।

63. ਸਟੇਟ ਬੈਂਕ ਦਾ ਰਿਜਰਵ ਫੰਡ ਵੰਡਣਯੋਗ ਨਹੀਂ ਹੋਵੇਗਾ ਅਤੇ ਕਿਸੇ ਵੀ ਮੈਂਬਰ ਨੂੰ ਇਸ ਦੇ ਕਿਸੇ ਵਿਸ਼ੇਸ਼ ਹਿੱਸੇ ਦਾ ਦਾਅਵਾ ਕਰਨ ਦਾ ਹੱਕ ਨਹੀਂ ਹੋਵੇਗਾ। ਇਹ ਅਜਿਹੇ ਢੰਗ ਵਿੱਚ ਨਿਵੇਸ਼ ਕੀਤਾ ਅਤੇ ਵਰਤਿਆ ਜਾਵੇਗਾ ਜਿਵੇਂ ਸਰਕਾਰ ਦੁਆਰਾ ਅਧਿਸੂਚਿਤ ਕੀਤੇ ਗਏ ਅਨੁਸਾਰ ਨਿਸ਼ਚਿਤ ਕੀਤਾ ਜਾਵੇ।

64. ਜੇਕਰ ਇਨ੍ਹਾਂ ਬਾਈਲਾਜ਼ ਵਿਚੋਂ ਕਿਸੇ ਦੀ ਵਿਆਖਿਆ ਦੇ ਸਬੰਧ ਵਿੱਚ ਕੋਈ ਸ਼ੰਕਾਂ ਪੈਦਾ ਹੋ ਜਾਵੇ ਤਾਂ ਮਾਮਲਾ ਰਜਿਸਟਰਾਰ ਨੂੰ ਸੌਂਪਿਆ ਜਾਵੇਗਾ ਜਿਸਦਾ ਫੈਸਲਾ ਅੰਤਿਮ ਹੋਵੇਗਾ।

65. ਜੇਕਰ ਸਟੇਟ ਬੈਂਕ ਦੇ ਮੈਂਬਰਾਂ ਅਤੇ ਪੋਸਟ ਮੈਂਬਰਾਂ ਜਾਂ ਸਹਿਕਾਰੀ ਸਭਾਵਾਂ ਐਕਟ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਦੇ ਸਬੰਧਤ ਉਪਬੰਧਾਂ ਵਿੱਚ ਵਰਣਿਤ ਹੋਰ ਵਿਅਕਤੀਆਂ ਵਿਚਕਾਰ ਸਟੇਟ ਬੈਂਕ ਦੇ ਗਠਨ ਜਾਂ ਕਾਰੋਬਾਰ ਨਾਲ ਸਬੰਧਤ ਬੈਂਕ ਦੇ ਕਿਸੇ ਤਨਖਾਹ ਪ੍ਰਾਪਤ ਕਰਮਚਾਰੀ ਵਿਰੁੱਧ ਸਟੇਟ ਬੈਂਕ ਜਾਂ ਇਸ ਦੇ ਬੋਰਡ ਵਲੋਂ ਕੀਤੀ ਗਈ ਅਨੁਸ਼ਾਸਨੀ ਕਾਰਵਾਈ ਸਬੰਧੀ ਕਿਸੇ ਵਿਵਾਦ ਤੋਂ ਇਲਾਵਾ ਕੋਈ ਹੋਰ ਝਗੜਾ ਪੈਦਾ ਹੋ ਜਾਵੇ, ਤਾਂ ਇਹ ਝਗੜਾ ਅਜਿਹੇ ਐਕਟ ਅਤੇ ਨਿਯਮਾਂ ਵਿਚ ਕੀਤੇ ਗਏ ਉਪਬੰਧਾਂ ਅਨੁਸਾਰ ਨਿਪਟਾਇਆ ਜਾਵੇਗਾ।

66. ਸਟੇਟ ਬੈਂਕ ਲੇਖਿਆਂ ਨਾਲ ਸਬੰਧਤ ਅਜਿਹੇ ਲੇਖੇ ਅਤੇ ਰਿਕਾਰਡ ਅਜਿਹੇ ਰੂਪ ਜਾਂ ਢੰਗ ਵਿੱਚ ਤਿਆਰ ਕਰੇਗੀ ਜਿਵੇਂ ਸਹਿਕਾਰੀ ਸਭਾਵਾਂ ਐਕਟ ਅਧੀਨ ਅਜਿਹਾ ਕਰਨ ਲਈ ਸਮਰੱਥ ਅਧਿਕਾਰੀ ਦੁਆਰਾ ਹਦਾਇਤ ਕੀਤੀ ਜਾਵੇ।



67. ਸਟੇਟ ਬੈਂਕ ਅਜਿਹੀਆਂ ਰਿਟਰਨਾਂ ਅਤੇ ਵਿਵਰਣ ਤਿਆਰ ਕਰੇਗੀ ਜਿਵੇਂ ਰਜਿਸਟਰਾਰ ਸਮੇਂ ਸਮੇਂ ਤੇ ਨਿਸ਼ਚਿਤ ਕਰੇ।

68. ਸਟੇਟ ਬੈਂਕ ਨੂੰ ਸਹਿਕਾਰੀ ਸਭਾਵਾਂ ਐਕਟ ਦੇ ਸਬੰਧਤ ਉਪਬੰਧਾਂ ਦੁਆਰਾ ਤਹਿ ਕੀਤੇ ਗਏ ਹਾਲਾਤ ਵਿੱਚ ਰਜਿਸਟਰਾਰ ਦੁਆਰਾ ਕਿਸੇ ਅਜਿਹੇ ਐਕਟ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਰਾਹੀਂ ਨਿਸ਼ਚਿਤ ਕੀਤੀ ਗਈ ਵਿਧੀ ਅਨੁਸਾਰ ਬੰਦ ਅਤੇ ਰੱਦ ਕੀਤਾ ਜਾ ਸਕਦਾ ਹੈ।

69. ਮੀਟਿੰਗਾਂ ਲਈ ਭੇਜੇ ਗਏ ਨੋਟਿਸ ਅਤੇ ਹੋਰ ਸਾਰੇ ਨੋਟਿਸ ਤਾਂ ਹੀ ਸਹੀ ਅਤੇ ਉਚਿਤ ਸਮਝੇ ਜਾਣਗੇ ਜੇਕਰ ਇਹ ਸਟੇਟ ਬੈਂਕ ਦੇ ਸ਼ੇਅਰ ਹੋਲਡਰਜ਼, ਪੈਸਾ ਜਮ੍ਹਾਂ ਕਰਵਾਉਣ ਵਾਲਿਆਂ ਅਤੇ ਇਸ ਦੇ ਹੋਰ ਨੁਮਾਇਦਿਆਂ ਦੁਆਰਾ ਦਿੱਤੇ ਗਏ ਪਤਿਆਂ ਤੇ ਦਿੱਤੇ ਜਾਂ ਡਾਕ ਰਾਹੀਂ ਭੇਜੇ ਗਏ ਹੋਣ ਅਤੇ ਆਪਣੇ ਪਤੇ ਵਿਚ ਕਿਸੇ ਤਬਦੀਲੀ ਬਾਰੇ ਸਟੇਟ ਬੈਂਕ ਨੂੰ ਸੂਚਿਤ ਕਰਨਾ ਉਨ੍ਹਾਂ ਦਾ ਫਰਜ਼ ਹੋਵੇਗਾ।

70. ੳ) ਸਟੇਟ ਬੈਂਕ ਦੁਆਰਾ ਕਿਸੇ ਅਜਿਹੇ ਵਿਅਕਤੀ ਨੂੰ ਭਰਤੀ ਨਹੀਂ ਕੀਤਾ ਜਾਵੇਗਾ ਜੇਕਰ ਉਹ ਰਜਿਸਟਰਾਰ ਦੁਆਰਾ ਸਮੇਂ ਸਮੇਂ ਤੇ ਨਿਸ਼ਚਿਤ ਕੀਤੀਆਂ ਯੋਗਤਾਵਾਂ ਪੂਰੀਆਂ ਨਹੀਂ ਕਰਦਾ।

ਅ) ਸਟੇਟ ਬੈਂਕ ਦੁਆਰਾ ਅਜਿਹੇ ਢੰਗ ਵਿਚ ਅਤੇ ਅਜਿਹੇ ਮਿਆਰਾਂ ਅਨੁਸਾਰ ਜੋ ਰਜਿਸਟਰਾਰ ਦੁਆਰਾ ਸਮੇਂ ਸਮੇਂ ਤੇ ਨਿਸ਼ਚਿਤ ਕੀਤੇ ਜਾਣ, ਜਮਾਨਤ ਪ੍ਰਾਪਤ ਕੀਤੇ ਬਗੈਰ ਕਿਸੇ ਵਿਅਕਤੀ ਨੂੰ ਰੁਜ਼ਗਾਰ ਨਹੀਂ ਦਿੱਤਾ ਜਾਵੇਗਾ।

71. ਜੇਕਰ ਜਨਰਲ ਬਾਡੀ ਜਾਂ ਬੋਰਡ ਆਫ ਡਾਇਰੈਕਟਰਜ਼ ਦੀ ਕਿਸੇ ਮੀਟਿੰਗ ਵਿੱਚ ਮੀਟਿੰਗ ਲਈ ਨਿਸ਼ਚਿਤ ਸਮੇਂ ਦੇ ਇਕ ਘੰਟੇ ਦੇ ਅੰਦਰ ਕੋਰਮ ਪੂਰਾ ਨਹੀਂ ਹੁੰਦਾ ਤਾਂ ਮੀਟਿੰਗ ਸਥੱਗਤ ਕਰ ਦਿੱਤੀ ਜਾਵੇਗੀ। ਤਾਜ਼ਾ ਮੀਟਿੰਗ ਇਕ ਨਵਾਂ ਨੋਟਿਸ ਦੇ ਕੇ ਹੀ ਬੁਲਾਈ ਜਾਵੇਗੀ। ਜੇਕਰ ਫਿਰ ਸੱਦੀ ਗਈ ਮੀਟਿੰਗ ਵਿੱਚ ਮੀਟਿੰਗ ਲਈ ਮਿਥੇ ਗਏ ਸਮੇਂ ਦੇ ਇਕ ਘੰਟੇ ਦੇ ਅੰਦਰ ਕੋਰਮ ਪੂਰਾ ਨਹੀਂ ਹੁੰਦਾ, ਤਾਂ ਇਕ ਘੰਟੇ ਬਾਅਦ ਹਾਜ਼ਰ ਮੈਂਬਰਾਂ ਨਾਲ ਕੋਰਮ ਪੂਰਾ ਸਮਝਿਆ ਜਾਵੇਗਾ।

72. ਕੱਟ ਦਿੱਤਾ ਗਿਆ।

------

| ਉਪ ਨਿਯਮ ਨੰ. | ਮੌਜੂਦਾ ਵਿਵਸਥਾ | ਤਰਮੀਮਸ਼ੁਦਾ ਉਪ ਨਿਯਮ |
|---|---|---|
| 29 | i) ਰਾਜ ਸਹਿਕਾਰੀ ਬੈਂਕ ਦਾ ਇਕ ਬੁਲਾਰਾ | i) ਨਾਬਾਰਡ ਵੱਲੋਂ ਨਾਮਜ਼ਦ ਨਾਬਾਰਡ ਦਾ ਇਕ ਨੁਮਾਇੰਦਾ |
| | ii) ਨਾਬਾਰਡ ਵੱਲੋਂ ਨਾਮਜ਼ਦ ਨਾਬਾਰਡ ਦਾ ਇਕ ਨੁਮਾਇੰਦਾ | ii) ਸਰਕਾਰ ਦੇ ਤਿੰਨ ਨਾਮਜ਼ਦ ਨੁਮਾਇੰਦੇ ਜਿਨ੍ਹਾਂ ਵਿਚੋਂ ਇਕ ਬੈਂਕ ਆਰਥਿਕਤਾ, ਵਿੱਤ ਜਾਂ ਮੈਨੇਜਮੈਂਟ ਦਾ ਮਾਹਿਰ ਹੋਵੇਗਾ। |
| | iii) ਰਾਜ ਸਰਕਾਰ ਵੱਲੋਂ ਤਿੰਨ ਸਰਕਾਰੀ ਅਧਿਕਾਰੀਆਂ ਤੋਂ ਵੱਧ ਨਾਮਜ਼ਦ ਨਹੀਂ ਕੀਤੇ ਜਾਣਗੇ ਜਦ ਤੱਕ ਸਰਕਾਰ ਇਕ ਸ਼ੇਅਰ ਹੋਲਡਰ ਹੈ। | iii) ਦੋ ਮਾਹਿਰ ਬੋਰਡ ਆਫ ਡਾਇਰੈਕਟਰਜ਼ ਵੱਲੋਂ ਕੋਆਪਟ ਕੀਤੇ ਜਾਣਗੇ ਜੋ ਬੈਂਕਿੰਗ ਪ੍ਰਬੰਧਕ ਅਰਥ ਸ਼ਾਸਤਰ ਜਾਂ ਵਿੱਤ ਦੇ ਖੇਤਰ ਦੀ ਕਿਸੇ ਉਘੀ ਸੰਸਥਾ ਵਿੱਚ ਉਚੇਰੀ ਪੁਜੀਸ਼ਨ ਤੇ ਰਹੇ ਹੋਣ। |
| | iv) ਰਜਿਸਟਰਾਰ ਜਾਂ ਉਨ੍ਹਾਂ ਦਾ ਨਾਮਜ਼ਦ ਨੁਮਾਹਿੰਦਾ। | iv) ਰਜਿਸਟਰਾਰ ਜਾਂ ਉਨ੍ਹਾਂ ਦਾ ਨਾਮਜ਼ਦ ਨੁਮਾਇੰਦਾ। |
| | v) ਪੀ.ਏ.ਡੀ.ਬੀ./ਸੰਸਥਾਵਾਂ ਦੇ 5 ਨਿਕਟਵਰਤੀ ਮੈਂਬਰਾਂ ਦੇ ਹਰੇਕ ਜ਼ੋਨ ਤੋਂ ਇਕ ਡਾਇਰੈਕਟਰ ਜੇ ਪੀ.ਏ.ਡੀ.ਬੀਜ਼/ਸੰਸਥਾਵਾਂ ਦੀ ਗਿਣਤੀ 5 ਤੇ ਵੰਡਣਯੋਗ ਨਾ ਹੋਵੇ ਤਾਂ ਪੀ.ਏ.ਡੀ.ਬੀ./ਸੰਸਥਾ ਦੇ ਬਾਕੀ ਰਹਿੰਦੇ ਮੈਂਬਰ ਨਾਲ ਲਗਦੇ ਜ਼ੋਨ ਵਿੱਚ ਪਾਏ ਜਾ ਸਕਦੇ ਹਨ ਪਰ ਇਹ ਖਿਆਲ ਰੱਖਿਆ ਜਾਵੇ ਕਿ ਕਿਸੇ ਜ਼ੋਨ ਵਿੱਚ 6 ਤੋਂ ਵੱਧ ਮੈਂਬਰ ਨਾ ਹੋਣ। | v) ਪੀ.ਏ.ਡੀ.ਬੀਜ਼ ਦੇ 7 ਨਿਕਟਵਰਤੀ ਮੈਂਬਰਾਂ ਦੇ ਹਰੇਕ ਜ਼ੋਨ ਵਿੱਚੋਂ ਇਕ ਡਾਇਰੈਕਟਰ ਚੁਣਿਆ ਜਾਵੇਗਾ। ਜੇ ਮੈਂਬਰ ਪੀ.ਏ.ਡੀ.ਬੀਜ਼ ਦੀ 7 ਉਪਰ ਤਕਸੀਮ ਤੋਂ ਬਾਅਦ ਮੈਂਬਰ ਬਾਕੀ ਰਹਿੰਦੇ ਹਨ ਤਾਂ ਉਸ ਨੂੰ ਨਾਲ ਲੱਗਦੇ ਜ਼ੋਨ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। |



| ਉਪ ਨਿਯਮ ਨੰ. | ਮੌਜੂਦਾ ਵਿਵਸਥਾ | ਤਰਮੀਮਸ਼ੁਦਾ ਉਪ ਨਿਯਮ |
|---|---|---|
| | ਪਰ ਜੇ ਬਾਕੀ ਰਹਿੰਦੇ ਮੈਂਬਰਾਂ ਦੀ ਗਿਣਤੀ 2 ਤੋਂ ਵੱਧ ਹੋਵੇ ਤਾਂ ਇਕ ਵੱਖਰਾ ਜ਼ੋਨ ਬਣਾਇਆ ਜਾ ਸਕਦਾ ਹੈ। | ਬਸ਼ਰਤੇ ਕੋਈ ਵੀ ਜ਼ੋਨ 8 ਮੈਂਬਰਾਂ ਤੋਂ ਵੱਧ ਨਾ ਹੋਵੇ। ਪਰ ਬਾਕੀ ਰਹਿੰਦੇ ਮੈਂਬਰਾਂ ਦੀ ਗਿਣਤੀ 4 ਤੋਂ ਵੱਧ ਜਾਂਦੀ ਹੈ ਤਾਂ ਵੱਖਰਾ ਜ਼ੋਨ ਬਣਾਇਆ ਜਾ ਸਕਦਾ ਹੈ। |
| | vi) ਬੈਂਕ ਦੇ ਮੈਨੇਜਿੰਗ ਡਾਇਰੈਕਟਰ। | vi) ਬੈਂਕ ਦੇ ਮੈਨੇਜਿੰਗ ਡਾਇਰੈਕਟਰ। |